ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

www.awazeqaumtv.com

Also On

Visit on facebook

https://www.facebook.com/awazeqaumtv/videos/1948995821245 31/

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

https://youtu.be/LQwolgxDu7I

awazeqaumtvpunjab@gmail.com

ਸ਼ਨੀਵਾਰ, 24 ਜਨਵਰੀ 2026 (ਨਾਨਕਸ਼ਾਹੀ ਸੰਮਤ : ੫੫੭, ੧੧ ਮਾਘ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243

Exclusive News

ਪੰਜਾਬ 'ਚ ਮੀਂਹ ਨੇ ਬਦਲਿਆ ਮੌਸਮ ਦਾ ਮਿਜਾਜ਼ ,ਤਾਪਮਾਨ 'ਚ ਗਿਰਾਵਟ

ਚੰਡੀਗੜ੍ਹ, 23 ਜਨਵਰੀ (ਆਵਾਜ਼ਿ ਕੌਮ ਬਿਊਰੋ)-ਪੰਜਾਬ ਅਤੇ ਚੰਡੀਗੜ੍ਹ ਵਿੱਚ ਮੀਂਹ ਨੇ ਮੌਸਮ ਬਦਲ ਦਿੱਤਾ ਹੈ। ਬੀਤੀ ਰਾਤ ਤੋਂ ਅੱਜ ਸ਼ੁੱਕਰਵਾਰ ਸਵੇਰ ਤੱਕ ਤੇਜ਼ ਹਵਾਵਾਂ ਦੇ ਨਾਲ ਬੂੰਦਾਬਾਂਦੀ ਨੇ ਠੰਢ ਵਧਾ ਦਿੱਤੀ ਹੈ।ਮੀਂਹ ਕਾਰਨ ਤਾਪਮਾਨ ਵਿੱਚ ਵੀ ਗਿਰਾਵਟ ਆਈ। ਹੁਸ਼ਿਆਰਪੁਰ ਵਿੱਚ ਸਭ ਤੋਂ ਘੱਟ ਘੱਟੋ-ਘੱਟ ਤਾਪਮਾਨ 3.2 ਡਿਗਰੀ ਦਰਜ ਕੀਤਾ ਗਿਆ। ਮੌਸਮ ਵਿਭਾਗ ਦੇ ਅਨੁਸਾਰ ਸ਼ੁੱਕਰਵਾਰ, 23 ਜਨਵਰੀ ਨੂੰ ਦਿਨ ਭਰ ਮੌਸਮ ਖਰਾਬ ਰਹੇਗਾ। ਦਿਨ ਭਰ ਰੁਕ-ਰੁਕ ਕੇ ਮੀਂਹ ਪਵੇਗਾ। ਮੀਂਹ ਦੀ ਸੰਭਾਵਨਾ 78% ਹੈ। ਜਲੰਧਰ ਦੇ ਨਾਲ ਲੱਗਦੇ ਅੰਮ੍ਰਿਤਸਰ ਅਤੇ ਲੁਧਿਆਣਾ ਨੂੰ ਵੀ ਪੱਛਮੀ ਗੜਬੜੀ ਕਾਰਨ ਅਗਲੇ ਦੋ ਦਿਨਾਂ ਲਈ ਮੀਂਹ, ਗਰਜ-ਤੂਫ਼ਾਨ ਅਤੇ ਗੜੇਮਾਰੀ ਲਈ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ।

ਭਾਈ ਅੰਮ੍ਰਿਤਪਾਲ ਸਿੰਘ ਦੇ ਸੰਸਦ ਸੈਸ਼ਨ 'ਚ ਹਿੱਸਾ ਲੈਣ ਬਾਰੇ ਹਾਈਕੋਰਟ ਦਾ ਵੱਡਾ ਫ਼ੈਸਲਾ

ਅਥਾਰਟੀ ਨੂੰ 7 ਦਿਨਾਂ ਦੇ ਅੰਦਰ ਫ਼ੈਸਲਾ ਦੇਣਾ ਪਵੇਗਾ

ਚੰਡੀਗੜ੍ਹ, 23 ਜਨਵਰੀ (ਆਵਾਜ਼ਿ ਕੌਮ ਬਿਊਰੋ)-ਖਡੂਰ ਸਾਹਿਬ ਤੋਂ ਲੋਕ ਸਭਾ ਮੈਂਬਰ ਅੰਮ੍ਰਿਤਪਾਲ ਸਿੰਘ ਵਲੋਂ ਸੰਸਦ ਦੇ ਬਜਟ ਸੈਸ਼ਨ 'ਚ ਹਿੱਸਾ ਲੈਣ ਲਈ ਦਾਇਰ ਕੀਤੀ ਗਈ ਪਟੀਸ਼ਨ ਦਾ ਅੱਜ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਨਿਪਟਾਰਾ ਕਰ ਦਿੱਤਾ ਗਿਆ ਹੈ। ਇਸ ਪਟੀਸ਼ਨ 'ਤੇ ਵੱਡਾ ਫ਼ੈਸਲਾ ਸੁਣਾਉਂਦੇ ਹੋਏ ਅਦਾਲਤ ਨੇ ਪੰਜਾਬ ਸਰਕਾਰ ਨੂੰ ਨਿਰਦੇਸ਼ ਦਿੱਤੇ ਹਨ ਕਿ ਅੰਮ੍ਰਿਤਪਾਲ ਦਾ ਕੇਸ ਦੇਖ ਰਹੀ ਅਥਾਰਟੀ ਇਸ ਬਾਰੇ ਫ਼ੈਸਲਾ ਲਵੇ ਕਿ ਉਸ ਨੂੰ ਇਜਲਾਸ 'ਚ ਹਿੱਸਾ ਲੈਣ ਦੀ ਇਜਾਜ਼ਤ ਦੇਣੀ ਹੈ ਜਾਂ ਨਹੀਂ ਅਤੇ ਅਥਾਰਟੀ ਨੂੰ 7 ਦਿਨਾਂ ਦੇ ਅੰਦਰ ਫ਼ੈਸਲਾ ਦੇਣਾ ਪਵੇਗਾ। ਦੱਸ ਦੇਈਏ ਕਿ ਅੰਮ੍ਰਿਤਪਾਲ ਸਿੰਘ ਪਿਛਲੇ ਲੰਬੇ ਸਮੇਂ ਤੋਂ ਅਸਾਮ ਦੀ ਡਿਬਰੂਗੜ੍ਹ ਜੇਲ੍ਹ 'ਚ ਬੰਦ ਹੈ।

ਸੰਸਦ ਇਜਲਾਸ 'ਚ ਹਿੱਸਾ ਲੈਣ ਲਈ ਦਾਇਰ ਕੀਤੀ ਸੀ ਪਟੀਸ਼ਨ : ਦੱਸਣਯੋਗ ਹੈ ਕਿ ਅੰਮ੍ਰਿਤਪਾਲ ਸਿੰਘ ਨੇ ਬਜਟ ਇਜਲਾਸ 'ਚ ਹਿੱਸਾ ਲੈਣ ਦੀ ਇਜਾਜ਼ਤ ਮੰਗਦਿਆਂ ਹਾਈਕੋਰਟ 'ਚ ਪਟੀਸ਼ਨ ਦਾਇਰ ਕੀਤੀ ਸੀ।ਆਪਣੀ ਪਟੀਸ਼ਨ 'ਚ ਅੰਮ੍ਰਿਤਪਾਲ ਸਿੰਘ ਨੇ ਕਿਹਾ ਸੀ ਕਿ ਸੰਸਦ ਦਾ ਬਜਟ ਸੈਸ਼ਨ 28 ਜਨਵਰੀ ਨੂੰ ਸ਼ੁਰੂ ਹੋਣ ਜਾ ਰਿਹਾ ਹੈ ਅਤੇ ਇਕ ਚੁਣੇ ਹੋਏ ਸੰਸਦ ਮੈਂਬਰ ਹੋਣ ਦੇ ਨਾਤੇ ਇਸ ਸੈਸ਼ਨ 'ਚ ਉਸ ਦੀ ਹਾਜ਼ਰੀ ਜ਼ਰੂਰੀ ਹੈ। ਪਟੀਸ਼ਨ 'ਚ ਕਿਹਾ ਗਿਆ ਸੀ ਕਿ ਸੰਸਦ 'ਚ ਸ਼ਾਮਲ ਹੋਣਾ ਨਾ ਸਿਰਫ ਉਸ ਦਾ ਸੰਵਿਧਾਨਕ ਅਧਿਕਾਰ ਹੈ, ਸਗੋਂ ਉਸ ਦੀ ਜ਼ਿੰਮੇਵਾਰੀ ਵੀ ਹੈ।

ਪਹਿਲਾਂ ਵੀ ਰੱਦ ਹੋ ਚੁੱਕੀ ਹੈ ਪੈਰੋਲ : ਅੰਮ੍ਰਿਤਪਾਲ ਸਿੰਘ ਨੇ ਪਹਿਲਾਂ ਵੀ ਬੀਤੀ 21 ਨਵੰਬਰ ਨੂੰ ਹਾਈਕੋਰਟ 'ਚ ਪਟੀਸ਼ਨ ਦਾਇਰ ਕੀਤੀ ਸੀ ਕਿ ਉਸ ਨੂੰ 1 ਤੋਂ 19 ਦਸੰਬਰ ਤੱਕ ਚੱਲਣ ਵਾਲੇ ਸੰਸਦ ਦੇ ਸਰਦ ਰੁੱਤ ਸੈਸ਼ਨ 'ਚ ਸ਼ਾਮਲ ਹੋਣ ਦੀ ਇਜਾਜ਼ਤ ਦਿੱਤੀ ਜਾਵੇ, ਜਿਸ ਤੋਂ ਬਾਅਦ ਅਦਾਲਤ ਨੇ ਸੂਬੇ ਦੇ ਗ੍ਰਹਿ ਸਕੱਤਰ, ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੂੰ ਇਕ ਹਫ਼ਤੇ ਅੰਦਰ ਫ਼ੈਸਲਾ ਲੈਣ ਦੇ ਨਿਰਦੇਸ਼ ਦਿੱਤੇ ਸਨ ਪਰ ਫਿਰ ਰਿਪੋਰਟ ਦੇ ਆਧਾਰ 'ਤੇ ਉਸ ਦੀ ਪੈਰੋਲ ਰੱਦ ਕਰ ਦਿੱਤੀ ਗਈ ਸੀ।

ਸਕੂਲਾਂ ਤੋਂ ਬਾਅਦ ਹੁਣ ਡਿਗਰੀ ਕਾਲਜ ਨੂੰ ਬੰਬ ਨਾਲ ਉਡਾਉਣ ਦੀ ਧਮਕੀ

ਚੰਡੀਗੜ੍ਹ, 23 ਜਨਵਰੀ (ਆਵਾਜ਼ਿ ਕੌਮ ਬਿਊਰੋ)-ਭਾਰਤ-ਪਾਕਿਸਤਾਨ ਸਰਹੱਦ ਨਾਲ ਲੱਗਦੇ ਬਮਿਆਲ ਸੈਕਟਰ ਵਿੱਚ ਪਿੰਡ ਬਹਾਦਰਪੁਰ ਦੇ ਨੇੜੇ ਸਥਿਤ ਡਿਗਰੀ ਕਾਲਜ ਫਾਰ ਵੂਮੈਨ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਇਹ ਧਮਕੀ ਕਾਲਜ ਦੇ ਅਧਿਕਾਰਤ ਈਮੇਲ 'ਤੇ ਮਿਲੀ ਹੈ। ਧਮਕੀ 'ਚ ਕਿਹਾ ਗਿਆ ਹੈ ਕਿ ਜੇਕਰ 26 ਜਨਵਰੀ ਨੂੰ ਤਿਰੰਗਾ ਝੰਡਾ ਲਹਿਰਾਇਆ ਗਿਆ ਤਾਂ ਸਕੂਲ ਨੂੰ ਉਡਾ ਦਿੱਤਾ ਜਾਵੇਗਾ।

ਧਮਕੀ ਮਿਲਣ 'ਤੇ ਕਾਲਜ ਪ੍ਰਬੰਧਨ ਨੇ ਤੁਰੰਤ ਵਿਦਿਆਰਥਣਾਂ ਨੂੰ ਘਰ ਭੇਜ ਦਿੱਤਾ ਅਤੇ ਪੁਲਿਸ ਨੂੰ ਸੂਚਿਤ ਕੀਤਾ। ਪੁਲਿਸ ਮੌਕੇ 'ਤੇ ਪਹੁੰਚੀ ਅਤੇ ਕਾਲਜ ਨੂੰ ਪੁਲਿਸ ਕੈਂਪ ਵਿੱਚ ਬਦਲ ਦਿੱਤਾ। ਡੌਗ ਸਕੁਐਡ ਅਤੇ ਸਰਚ ਟੀਮਾਂ ਕਾਲਜ ਦੇ ਹਰ ਕੋਨੇ ਦੀ ਤਲਾਸ਼ੀ ਲੈ ਰਹੀਆਂ ਹਨ ਅਤੇ ਆਲੇ ਦੁਆਲੇ ਦੇ ਇਲਾਕਿਆਂ ਵਿੱਚ ਵੀ ਤਲਾਸ਼ੀ ਜਾਰੀ ਹੈ। ਡੀਐਸਪੀ ਸੁਖਜਿੰਦਰ ਕੁਮਾਰ ਨੇ ਦੱਸਿਆ ਕਿ ਧਮਕੀ ਭਰੀ ਈਮੇਲ ਕਾਲਜ ਦੇ ਅਧਿਕਾਰਤ ਈਮੇਲ ਪਤੇ 'ਤੇ ਪ੍ਰਾਪਤ ਹੋਈ ਸੀ। ਸੁਰੱਖਿਆ ਵਧਾ ਦਿੱਤੀ ਗਈ ਹੈ ਅਤੇ ਮਾਮਲੇ ਦੀ ਹਰ ਪਹਿਲੂ ਤੋਂ ਜਾਂਚ ਕੀਤੀ ਜਾ ਰਹੀ ਹੈ।

ਗੁਰਦਾਸਪੁਰ ਜ਼ਿਲ੍ਹੇ ਦੇ ਗੁਰਦਾਸਪੁਰ ਪਬਲਿਕ ਸਕੂਲ, ਟ੍ਰਿਨਿਟੀ ਪਬਲਿਕ ਸਕੂਲ ,ਜ਼ਿਆ ਲਾਲ ਮਿੱਤਲ ਡੀਏਵੀ ਅਤੇ ਜਵਾਹਰ ਨਵੋਦਿਆ ਵਿਦਿਆਲਿਆ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਬੱਚਿਆਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਸਕੂਲ ਪ੍ਰਬੰਧਨ ਨੇ ਤੁਰੰਤ ਬੱਚਿਆਂ ਨੂੰ ਛੁੱਟੀ ਦੇ ਕੇ ਘਰ ਭੇਜ ਦਿੱਤਾ। ਈਮੇਲਾਂ ਵਿੱਚ ਸਕੂਲਾਂ ਨੂੰ 26 ਜਨਵਰੀ ਨੂੰ ਜ਼ਿਲ੍ਹੇ ਵਿੱਚ ਹੋਣ ਵਾਲੇ ਗਣਤੰਤਰ ਦਿਵਸ ਸਮਾਰੋਹ ਵਿੱਚ ਆਪਣੇ ਵਿਦਿਆਰਥੀਆਂ ਨੂੰ ਨਾ ਭੇਜਣ ਦੀ ਚੇਤਾਵਨੀ ਦਿੱਤੀ ਗਈ ਹੈ।

ਪੰਜਾਬ 'ਚ ਲਗਾਤਾਰ ਐਨਕਾਊਂਟਰ

ਜਲੰਧਰ 'ਚ ਪੁਲਿਸ ਅਤੇ ਬਦਮਾਸ਼ ਵਿਚਾਲੇ ਮੁੱਠਭੇੜ

ਜਲੰਧਰ, 23 ਜਨਵਰੀ (ਆਵਾਜ਼ਿ ਕੌਮ ਬਿਊਰੋ)-ਜਲੰਧਰ ਨੇੜੇ ਅਲਾਵਲਪੁਰ ਰੋਡ 'ਤੇ ਪੁਲਿਸ ਅਤੇ ਬਦਮਾਸ਼ ਵਿਚਾਲੇ ਹੋਈ ਮੁੱਠਭੇੜ ਵਿੱਚ ਇੱਕ ਆਰੋਪੀ ਬਦਮਾਸ਼ ਜ਼ਖਮੀ ਹੋ ਗਿਆ ਹੈ। ਪੁਲਿਸ ਦੀ ਜਵਾਬੀ ਕਾਰਵਾਈ ਵਿੱਚ ਉਸਦੇ ਹੱਥ 'ਤੇ ਗੋਲੀ ਲੱਗੀ, ਜਿਸ ਤੋਂ ਬਾਅਦ ਉਸਨੂੰ ਗ੍ਰਿਫ਼ਤਾਰ ਕਰਕੇ ਸਿਵਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ।ਘਟਨਾ ਦੀ ਜਾਣਕਾਰੀ ਦਿੰਦੇ ਹੋਏ ਐਸਐਸਪੀ ਹਰਵਿੰਦਰ ਸਿੰਘ ਵਿਰਕ ਨੇ ਦੱਸਿਆ ਕਿ 19 ਦਸੰਬਰ ਨੂੰ ਕਿਸ਼ਨ ਗੜ੍ਹ ਚੌਕ ਨੇੜੇ ਬਰਿਸਟਾ ਕੈਫੇ ਨੇੜੇ ਸੇਂਟ ਸੋਲਜਰ

ਕਾਲਜ ਦੀ ਪ੍ਰਧਾਨਗੀ ਨੂੰ ਲੈ ਕੇ ਝਗੜਾ ਹੋਇਆ ਸੀ। ਜਾਣਕਾਰੀ ਅਨੁਸਾਰ ਘਟਨਾ ਵਿੱਚ ਤਿੰਨ ਕਾਰਾਂ ਵਿੱਚ ਸਵਾਰ ਨੌਜਵਾਨਾਂ ਨੇ ਇੱਕ ਪੈਟਰੋਲ ਪੰਪ ਦੇ ਬਾਹਰ ਫਾਇਰਿੰਗ ਕਰ ਦਿੱਤੀ ਸੀ। ਜਿਸ ਵਿੱਚ ਦੋ ਲੋਕ ਜ਼ਖਮੀ ਹੋ ਗਏ ਸਨ। ਇਸ ਮਾਮਲੇ 'ਚ 19 ਦਸੰਬਰ ਨੂੰ ਲੱਕੀ ਨੂੰ ਇੱਕ ਮੁਕਾਬਲੇ ਵਿੱਚ ਗ੍ਰਿਫ਼ਤਾਰ ਕੀਤਾ ਸੀ। ਹੁਣ ਆਦਮਪੁਰ ਦੇ ਡੀਐਸਪੀ ਦੀ ਅਗਵਾਈ ਵਿੱਚ ਟੀਮਾਂ ਤਾਇਨਾਤ ਕਰਕੇ ਆਰੋਪੀਆਂ ਦੀ ਭਾਲ ਕੀਤੀ ਜਾ ਰਹੀ ਸੀ। ਇਸ ਨੂੰ ਲੈ ਕੇ ਭੁੱਲਥ ਦਾ ਰਹਿਣ ਵਾਲਾ ਮੁੱਖ ਸ਼ੂਟਰ ਲਵਪ੍ਰੀਤ ਉਰਫ਼ ਲਵੀ ਨੂੰ ਲੈ ਇਕ ਖੁਫੀਆ ਜਾਣਕਾਰੀ ਮਿਲੀ ਸੀ ਕਿ ਅਲਾਪੁਰ ਵਿੱਚ ਘੁੰਮ ਰਿਹਾ ਹੈ। ਅੱਜ ਸਵੇਰੇ 9:15 ਵਜੇ ਪੁਲਿਸ ਨੇ ਆਪਣੀ ਟੀਮ ਨਾਲ ਜਗਰਾਉਂ ਵਾਲੇ ਪਾਸੇ ਮੁਲਜ਼ਮ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਮੁਲਜ਼ਮ ਨੇ ਪੁਲਿਸ 'ਤੇ ਗੋਲੀਬਾਰੀ ਕੀਤੀ। ਇਸ ਤੋਂ ਬਾਅਦ ਜਵਾਬੀ ਗੋਲੀਬਾਰੀ ਵਿੱਚ ਮੁਲਜ਼ਮ ਨੂੰ ਦੋ ਗੋਲੀਆਂ ਲੱਗੀਆਂ, ਜਿਸ ਨਾਲ ਉਹ ਜ਼ਖਮੀ ਹੋ ਗਿਆ। ਮੁਲਜ਼ਮ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ। ਪੁਲਿਸ ਜਾਂਚ ਵਿੱਚ ਪਤਾ ਲੱਗਾ ਹੈ ਕਿ ਉਸ ਵਿਰੁੱਧ ਲੜਾਈ ਦੇ ਤਿੰਨ ਮਾਮਲੇ ਦਰਜ ਕੀਤੇ ਗਏ ਹਨ। ਪੁਲਿਸ ਨੇ ਮੁਲਜ਼ਮ ਤੋਂ ਇੱਕ ਪਿਸਤੌਲ ਬਰਾਮਦ ਕੀਤੀ ਹੈ। ਦੱਸ ਦੇਈਏ ਕਿ 19 ਦਸੰਬਰ ਨੂੰ ਜਲੰਧਰ-ਭੋਗਪੁਰ ਹਾਈਵੇਅ 'ਤੇ ਕਿਸ਼ਨਗੜ੍ਹ ਚੌਕ ਨੇੜੇ ਇੱਕ ਪੈਟਰੋਲ ਸਟੇਸ਼ਨ 'ਤੇ ਕਾਲਜ ਦੀ ਪ੍ਰਧਾਨਗੀ ਨੂੰ ਲੈ ਕੇ ਇਕੱਠੇ ਹੋਏ ਇੱਕ ਗਰੁੱਪ 'ਤੇ ਤਿੰਨ ਕਾਰਾਂ ਵਿੱਚ ਸਵਾਰ ਹੋ ਕੇ ਆਏ ਬਦਮਾਸ਼ਾਂ ਨੇ 12 ਤੋਂ 15 ਰਾਊਂਡ ਫਾਇਰ ਕੀਤੇ। ਗੋਲੀਬਾਰੀ ਦੌਰਾਨ ਪੈਟਰੋਲ ਸਟੇਸ਼ਨ 'ਤੇ ਖੜ੍ਹੇ 50 ਤੋਂ 70 ਨੌਜਵਾਨਾਂ ਵਿੱਚੋਂ ਦੋ ਗੰਭੀਰ ਜ਼ਖਮੀ ਹੋ ਗਏ। ਜ਼ਖਮੀ ਸ਼ਿਵਦਾਸਪੁਰਾ ਦੇ ਰਹਿਣ ਵਾਲੇ ਗੁਰਪ੍ਰੀਤ ਗੋਪੀ ਅਤੇ ਸੌਰਵ ਨੂੰ ਇਲਾਜ ਲਈ ਨਜ਼ਦੀਕੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ, ਜਿਸ ਤੋਂ ਬਾਅਦ ਪੁਲਿਸ ਨੇ ਮੁਲਜ਼ਮਾਂ ਵਿਰੁੱਧ ਮਾਮਲਾ ਦਰਜ ਕਰਕੇ ਪਹਿਲੇ ਮੁਕਾਬਲੇ ਦੌਰਾਨ ਦੋ ਮੁਲਜ਼ਮਾਂ ਜਤਿੰਦਰ ਅਤੇ ਰਕਸ਼ਿਤ ਨੂੰ ਗ੍ਰਿਫ਼ਤਾਰ ਕਰ ਲਿਆ ਸੀ ਪਰ ਪਿੰਡ ਭੁੱਲਥ ਦਾ ਰਹਿਣ ਵਾਲਾ ਲਵਪ੍ਰੀਤ ਉਰਫ਼ ਲਵੀ ਫ਼ਰਾਰ ਸੀ, ਜਿਸਨੂੰ ਪੁਲਿਸ ਨੇ ਅੱਜ ਮੁਕਾਬਲੇ ਦੌਰਾਨ ਕਾਬੂ ਕਰ ਲਿਆ।

ਅਮਰੀਕਾ 'ਚ ਅਧਿਕਾਰੀਆਂ ਨੇ 5 ਸਾਲ ਦੇ ਬੱਚੇ ਨੂੰ ਲਿਆ ਹਿਰਾਸਤ 'ਚ, ਮੱਚਿਆ ਹੰਗਾਮਾ

ਵਾਸ਼ਿੰਗਟਨ, 23 ਜਨਵਰੀ (ਆਵਾਜ਼ਿ ਕੌਮ ਬਿਊਰੋ)-ਅਮਰੀਕਾ ਤੋਂ ਇੱਕ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਮਿਨੇਸੋਟਾ ਦੇ ਇੱਕ ਪ੍ਰੀ-ਸਕੂਲ ਤੋਂ ਘਰ ਵਾਪਸ ਆ ਰਹੇ 5 ਸਾਲ ਦੇ ਨਿਰੀਹ ਬੱਚੇ ਨੂੰ ਫੈਡਰਲ ਏਜੰਟਾਂ ਨੇ ਉਸਦੇ ਪਿਤਾ ਨਾਲ ਮਿਲ ਕੇ ਹਿਰਾਸਤ 'ਚ ਲਿਆ ਹੈ। ਦੋਹਾਂ ਨੂੰ ਟੈਕਸਾਸ ਦੇ ਇੱਕ ਹਿਰਾਸਤ ਸੈਂਟਰ ਵਿੱਚ ਲਿਜਾਇਆ ਗਿਆ। ਕੋਲੰਬੀਆ ਹਾਈਟਸ ਪਬਲਿਕ ਸਕੂਲ ਡਿਸਟ੍ਰਿਕਟ ਦੀ ਸੁਪਰਿੰਟੈਂਡੈਂਟ ਜ਼ੀਨਾ ਸਟੈਨਵਿਕ ਨੇ ਦੱਸਿਆ ਕਿ ਹਿਰਾਸਤ ਵਿੱਚ ਲਈ ਗਈ 4 ਨਾਬਾਲਿਗਾਂ ਵਿੱਚ ਲਿਆਮ ਕੋਨੇਜੋ ਰਾਮੋਸ ਵੀ ਸ਼ਾਮਲ ਹੈ, ਜਿਸ ਵਿੱਚ 17 ਸਾਲ ਦੇ ਦੋ ਹੋਰ ਨੌਜਵਾਨ ਅਤੇ 10 ਸਾਲ ਦਾ ਇੱਕ ਹੋਰ ਬੱਚਾ ਵੀ ਸ਼ਾਮਲ ਹੈ। ਰਾਮੋਸ ਪਰਿਵਾਰ ਦੇ ਕੀਲ ਮਾਰਕ ਪ੍ਰੋਕੋਸ਼ ਨੇ ਕਿਹਾ ਕਿ ਬੱਚਾ ਅਤੇ ਉਸਦਾ ਪਿਤਾ ਦੋਹਾਂ ਅਮਰੀਕਾ ਵਿੱਚ ਸ਼ਰਨਾਰਥੀ ਅਰਜ਼ੀਦਾਰ ਦੇ ਤੌਰ 'ਤੇ ਕਾਨੂੰਨੀ ਤੌਰ 'ਤੇ ਰਹਿ ਰਹੇ ਹਨ। ਲਿਆਮ ਦੀ ਗ੍ਰਿਫ਼ਤਾਰੀ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਤਸਵੀਰਾਂ ਵਿੱਚ ਭਾਰੀ ਹਥਿਆਰਾਂ ਨਾਲ ਲੈਸ ਫੈਡਰਲ ਅਧਿਕਾਰੀ 5 ਸਾਲ ਦੇ ਬੱਚੇ ਨੂੰ ਫੜ ਕੇ ਲੈ ਜਾਂਦੇ ਹੋਏ ਦਿਖਾਈ ਦੇ ਰਹੇ ਹਨ। ਬੱਚੇ ਨੇ ਨੀਲੀ ਟੋਪੀ ਪਾਈ ਹੈ ਅਤੇ ਸਪਾਇਡਰ-ਮੈਨ ਵਾਲਾ ਬੈਗ ਲਿਆ ਹੋਇਆ ਹੈ। ਦਰਸ਼ਕਾਂ ਨੇ ਖ਼ਬਰ ਏਜੰਸੀ ਰੌਇਟਸ ਨੂੰ ਦੱਸਿਆ ਕਿ ਮੰਗਲਵਾਰ ਨੂੰ ਜਦੋਂ ਦੋਹਾਂ ਪ੍ਰੀ-ਸਕੂਲ ਤੋਂ ਘਰ ਵਾਪਸ ਆਏ, ਤਾਂ ਲਿਆਮ ਨੇ ਦੇਖਿਆ ਕਿ ਨਕਾਬਪੋਸ਼ ICE ਏਜੰਟ ਉਸਦੇ ਪਿਤਾ ਨੂੰ ਘਰ ਦੇ ਡਰਾਈਵ-ਵੇ ਤੋਂ ਲੈ ਜਾ ਰਹੇ ਹਨ। ਉਨ੍ਹਾਂ ਨੇ ਅੱਗੇ ਦੱਸਿਆ ਕਿ ਏਜੰਟਾਂ ਨੇ ਬੱਚੇ ਨੂੰ ਚਾਰਾ ਬਣਾਕੇ ਉਸਦੀ ਮਾਂ ਨੂੰ ਘਰੋਂ ਬਾਹਰ ਕੱਢਣ ਦੀ ਕੋਸ਼ਿਸ਼ ਕੀਤੀ। ਕੋਲੰਬੀਆ ਹਾਈਟਸ ਸਕੂਲ ਬੋਰਡ ਦੀ ਅਧਿਆਕਸ਼ ਮੇਗੀ ਗ੍ਰੈਨਲੁੰਡ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਲਿਆਮ ਦੇ ਪਿਤਾ ਨੇ ਆਪਣੀ ਪਤਨੀ ਨੂੰ ਘਰ ਦੇ ਅੰਦਰ ਹੀ ਰਹਿਣ ਲਈ ਕਿਹਾ, ਤਾਂ ਜੋ ਉਹ ਹਿਰਾਸਤ ਵਿੱਚ ਨਾ ਲਏ ਜਾਣ। ਉਨ੍ਹਾਂ ਦੱਸਿਆ ਕਿ ਸਕੂਲ ਦੇ ਅਧਿਕਾਰੀ, ਰਾਮੋਸ ਪਰਿਵਾਰ ਦੇ ਘਰ ਦੇ ਮੈਂਬਰ ਅਤੇ ਉਨ੍ਹਾਂ ਦੇ ਸਾਰੇ ਗੁਆਂਢੀਆਂ ਨੇ ਬੱਚੇ ਨੂੰ ਆਪਣੇ ਨਾਲ ਲੈ ਜਾਣ ਦੀ ਪੇਸ਼ਕਸ਼ ਕੀਤੀ, ਪਰ 935 ਅਧਿਕਾਰੀਆਂ ਨੇ ਸਾਫ਼ ਇਨਕਾਰ ਕਰ ਦਿੱਤਾ। ਕੋਲੰਬੀਆ ਹਾਈਟਸ ਪਬਲਿਕ ਸਕੂਲ ਡਿਸਟ੍ਰਿਕਟ ਦੀ ਸੁਪਰਿੰਟੈਂਡੈਂਟ ਜ਼ੀਨਾ ਸਟੈਨਵਿਕ ਨੇ ਕਿਹਾ ਕਿ ਇਹ ਇੱਕ ਤਰ੍ਹਾਂ 5 ਸਾਲ ਦੇ ਬੱਚੇ ਨੂੰ ਚਾਰਾ ਬਣਾਉਣ ਵਰਗਾ ਹੈ। ਉਨ੍ਹਾਂ ਏਜੰਟਾਂ ਤੋਂ ਪੁੱਛਿਆ ਕਿ 5 ਸਾਲ ਦੇ ਬੱਚੇ ਨੂੰ ਹਿਰਾਸਤ ਵਿੱਚ ਕਿਉਂ ਲਿਆ ਜਾ ਰਿਹਾ ਹੈ। ਨਾਲ ਹੀ ਉਨ੍ਹਾਂ ਇਹ ਵੀ ਕਿਹਾ ਕਿ ਤੁਸੀਂ ਮੈਨੂੰ ਇਹ ਨਹੀਂ ਕਹਿ ਸਕਦੇ ਕਿ ਇਹ ਬੱਚਾ ਹਿੰਸਕ ਅਪਰਾਧੀ ਹੈ।

ਆਵਾਜ਼ਿ ਕੌਮ
AWAZE QAUM
International Newspaper & WEB TV

24 ਜਨਵਰੀ 1990

ਜਦੋਂ ਕੌਮ ਦਾ ਰੌਸ਼ਨ ਦਿਮਾਗ. ਨੌਜਵਾਨ ਆਗੂ ਭਾਈ ਹਰਮਿੰਦਰ ਸਿੰਘ ਸੰਧੂ ਵਿਸਾਹਘਾਤ ਦਾ ਸ਼ਿਕਾਰ ਹੋਇਆ..!

ਮੁਕੰਮਲ ਲੇਖ ਪੰਨਾ 9 'ਤੇ ਪੜ੍ਹੋ

!! ਪੂਜਾ ਅਕਾਲ ਕੀ !! !! ਪਰਚਾ ਸ਼ਬਦ ਕਾ !! !! ਦੀਦਾਰ ਖਾਲਸੇ ਕਾ !!

ਸਮੂੰਹ ਇਲਾਕਾ ਨਿਵਾਸੀਆਂ ਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਹਰ ਸਾਲ ਦੀ ਤਰ੍ਹਾਂ

ਸੱਤਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਅਤੇ

ਸੱਚਖੰਡ ਵਾਸੀ ਸੰਤ ਬਾਬਾ ਲਾਭ ਸਿੰਘ ਜੀ ਅਤੇ ਸੰਤ ਬਾਬਾ ਹਰੀ ਸਿੰਘ ਜੀ

ਦੇਸੂਯੋਧਾ ਵਾਲਿਆਂ ਦੀ ਮਿੱਠੀ ਯਾਦ ਨੂੰ ਸਮਰਪਿਤ

20ਵਾਂ ਸਾਲਾਨਾ ਧਾਰਮਿਕ ਸਮਾਗਮ

ਮਿਤੀ 29-30-31 ਜਨਵਰੀ 2026
ਦਿਨ ਵੀਰਵਾਰ, ਸ਼ੁੱਕਰਵਾਰ ਅਤੇ ਸ਼ਨੀਵਾਰ

ਸਮਾਂ :
ਸਵੇਰੇ 11 ਵਜੇ ਤੋਂ 2 ਵਜੇ ਤੱਕ

ਸਥਾਨ :
ਪਿੰਡ ਜੋਗੇਵਾਲਾ
ਕੋਠੇ ਹਰਿ ਰਾਏ ਸਾਹਿਬ ਜੀ
ਨੇੜੇ ਡੱਬਵਾਲੀ ਮੰਡੀ ਸਿਰਸਾ ਵਿਖੇ

ਮਿਤੀ 31 ਜਨਵਰੀ, 3 ਵਜੇ ਅੰਮ੍ਰਿਤ ਸੰਚਾਰ ਵੀ ਹੋਵੇਗਾ

ਅੰਬੈਸਡਰ ਫਾਰ ਪੀਸ

ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ

ਸੰਤ ਬਾਬਾ ਬੂਟਾ ਸਿੰਘ ਗੁਰਥੜੀ ਵਾਲੇ,
ਭਾਈ ਗੁਰਸੇਵਕ ਸਿੰਘ ਰੰਗੀਲਾ ਹਜ਼ੂਰੀ ਜੱਥਾ ਗੁਰਦੁਆਰਾ ਦਾਦੂ ਸਾਹਿਬ, ਬਾਬਾ ਜਸਵਿੰਦਰ ਸਿੰਘ ਤਿਉਣਾ ਵਾਲੇ
ਗੁਰਬਾਣੀ ਕਥਾ ਕੀਰਤਨ ਦੁਆਰਾ ਸਿੱਖ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨਗੇ।
ਸਰਬੱਤ ਸੰਗਤਾਂ ਸਮੇਂ ਸਿਰ ਹਾਜਰੀ ਭਰ ਕੇ ਗੁਰਬਾਣੀ ਕਥਾ ਕੀਰਤਨ ਦਾ ਲਾਹਾ ਪ੍ਰਾਪਤ ਕਰੋ ਜੀ।

ਬੇਨਤੀ ਕਰਤਾ -
ਸਮੂੰਹ ਸਾਧ ਸੰਗਤ, ਪਿੰਡ ਜੋਗੇਵਾਲਾ, ਨੇੜੇ ਡੱਬਵਾਲੀ, ਸਿਰਸਾ

86840-10671, 94167-69745, 95887-20116
94679-08015, 87088-48139

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ
ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ



Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net

ਨਾਮ ਜਪੋ ਕਿਰਤ ਕਰੋ ਵੰਡ ਛੱਕੋ
Naam Japo Kirat Karo Vand Shako
ਜਥਾ ਭਿੰਡਰਾਂ (ਮਹਿਤਾ)
www.damdamitaksal.net
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA
WAHEGURU JI KI FATEH
ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke
Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and
Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net

ਆਵਾਜ਼ਿ ਕੌਮ
Daily Newspaper from U.K.
Publisher/Chief Editor
Raghbir Singh Walsal
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243

ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ
ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ

ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

ਸੰਤ ਗਿਆਨੀ ਗੁਰਬਚਨ ਸਿੰਘ ਜੀ
ਖਾ਼ਲਸਾ ਮੈਮੋਰੀਅਲ ਹਸਪਤਾਲ

ਇੱਥੇ ਹਰ ਸ਼ਨੀਵਾਰ ਅੱਖਾਂ ਦੇ
ਫ੍ਰੀ ਆਪ੍ਰੇਸ਼ਨ ਕੀਤੇ ਜਾਂਦੇ ਹਨ।

+91 98767-50784 +91 98767-50784

ਮਹਿਤਾ ਚੌਂਕ, ਅੰਮ੍ਰਿਤਸਰ

ਸਾਂਝਾ ਪੰਜਾਬ

VEG & NON-VEG INDIAN

WE CATER FOR

★★★★★



SANJHA PUNJAB

VEG & NON-VEG INDIAN

0116 291 1565

visit us : www.sanjhapunjab.co.uk

email: sanjha47@hotmail.com

ALLERGY ADVICE !!

Please ask a member of staff if you have any food intolerance or allergies.

ਆਵਾਜ਼ਿ ਕੌਮ AWAZE QAUM International Newspaper & WEB TV

SAROA DENTAL CLINIC & IMPLANT CENTRE

A Multispeciality Dental Clinic...

- DENTAL CHECKUP
- CLEANING
- ROOT CANALS
- PREVENTIVE CARE

LATEST FACILITIES AVAILABLE :

Dental Implants
Dental Laset
Tooth Coloured Braces
Digital IOPA x-ray
Digital OPG x-ray

DR. KAMALJIT SAROA
B.D.S., Dental Surgeon
Moti Nagar, Near Railway Crossing, Maqsudan
Jalandhar-144 008

Contact :
98150-83338
70879-59639

ਮੈਂ ਖ਼ੁਦ ਆਪਣਾ ਇਲਾਜ ਆਪਣੀ ਇੰਡੀਆ ਵਿਜਿਟ ਦੌਰਾਨ ਇੱਥੋਂ ਕਰਵਾਇਆ ਹੈ ਅਤੇ ਮੈਂ ਸਮੂਹ ਐਨ. ਆਰ. ਆਈਜ਼ ਅਤੇ ਲੋਕਲ ਵਸਨੀਕਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਸਰੋਆ ਡੈਂਟਲ ਕਲੀਨਿਕ ਅਤੇ ਇੰਪਲਾਂਟ ਸੈਂਟਰ ਵੱਲੋਂ ਬਹੁਤ ਹੀ ਵਧੀਆ ਅਤੇ ਵਾਜਬ ਸੇਵਾਵਾਂ ਪ੍ਰਦਾਨ ਕੀਤੀਆਂ ਹਨ ਅਤੇ ਇਸੇ ਕਾਰਨ ਮੈਂ ਅਪੀਲ ਕਰਦਾ ਹਾਂ ਕਿ ਜੇਕਰ ਕਿਸੇ ਨੂੰ ਵੀ, ਕਿਸੇ ਵੀ ਤਰ੍ਹਾਂ ਦੀ ਦੰਦਾਂ ਨਾਲ ਸੰਬੰਧਤ ਕੋਈ ਤਕਲੀਫ਼ ਹੈ ਤਾਂ ਇੱਕ ਵਾਰ ਇੱਥੇ ਜ਼ਰੂਰ ਵਿਜ਼ਿਟ ਕਰੋ।

-ਰਘਵੀਰ ਸਿੰਘ ਵਾਲਸਾਲ, ਮੁੱਖ ਸੰਪਾਦਕ 'ਆਵਾਜ਼ਿ ਕੌਮ, ਯੂ. ਕੇ.'

350 ਸਾਲਾ ਸ਼ਹੀਦੀ ਦਿਵਸ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦੁਰ ਜੀ ਮਹਾਰਾਜ,
ਭਾਈ ਮਤੀਦਾਸ ਭਾਈ ਸਤੀ ਦਾਸ ਭਾਈ ਦਿਆਲਾ ਜੀ ਨੂੰ ਸਮਰਪਿਤ

ਸੁੱਖ ਸੇਵਾ ਸਿਮਰਨ ਟਰੱਸਟ (ਰਜ਼ਿ:)
ਵੱਲੋਂ
21 ਸਭਾਗੇ ਜੋੜਿਆਂ ਦੇ ਅਨੰਦ ਕਾਰਜ

ਅਨੰਦ ਕਾਰਜ ਅਤੇ ਗੁਰਮਤਿ ਸਮਾਗਮ
ਮਿਤੀ 22 ਫਰਵਰੀ 2026
ਸਵੇਰੇ 10 ਤੋਂ ਦੁਪਹਿਰ 3 ਵਜੇ ਤੱਕ

ਸਥਾਨ -
ਗੁਰਦੁਆਰਾ ਸ੍ਰੀ ਗੁਰੂ ਗ੍ਰੰਥਸਰ
ਦਾਦੂ ਸਾਹਿਬ
ਨੇੜੇ ਕਾਲਾਂਵਾਲੀ ਮੰਡੀ,
ਜ਼ਿਲ੍ਹਾ ਸਿਰਸਾ (ਹਰਿਆਣਾ)



LIVE ON
Akaal
CHARDIKLA TIME TV
Ik Singh Production
ਆਵਾਜ਼ਿ ਕੌਮ AWAZE QAUM TV
YouTube
Jathedar Baljit Singh Khaka Dadiwal

ਲੋੜਵੰਦ ਪ੍ਰੀਵਾਰ ਆਪਣੀਆਂ ਬੱਚੀਆਂ ਦੇ ਨਾਮ 15 ਜਨਵਰੀ ਤੋਂ
ਪਹਿਲਾਂ ਪਹਿਲਾਂ ਦਰਜ ਕਰਵਾਉਣ ਦੀ ਕਿਰਪਾਲਤਾ ਕਰੋ ਜੀ

ਬੇਨਤੀ ਕਰਤਾ - ਸੁੱਖ ਸੇਵਾ ਸਿਮਰਨ ਟਰਸੱਟ (ਰਜ਼ਿ) ਜੱਥਾ ਦਾਦੂ ਸਾਹਿਬ
ਸਮੂੰਹ ਨਗਰ ਅਤੇ ਇਲਾਕਾ ਨਿਵਾਸੀ ਸਾਧ ਸੰਗਤ

ਨੋਟ: ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਅੰਬੈਸਡਰ ਫਾਰ ਪੀਸ
ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ, ਸੁੱਖ ਸੇਵਾ ਸਿਮਰਨ ਟਰੱਸਟ (ਰਜ਼ਿ:)

ਸੰਪਰਕ ਨੰ: 93560-60960, 97791-72813

ਅਨੌਖੇ ਅਮਰ ਸ਼ਹੀਦ ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ

ਸਲਾਨਾ ਗੁਰਮਤਿ ਸਮਾਗਮ

ਪਿੰਡ ਅਤਲਾ ਖੁਰਦ ਵਿਖੇ ਮਿਤੀ 27 ਜਨਵਰੀ ਨੂੰ ਸਵੇਰੇ 8 ਤੋਂ 12 ਵਜੇ ਤੱਕ ਕਰਵਾਇਆ ਜਾ ਰਿਹਾ ਹੈ।

ਜਥੇਦਾਰ ਕੁਲਦੀਪ ਸਿੰਘ ਗੜਗੱਜ

ਜਥੇਦਾਰ ਬਾਬਾ ਬਲਵੀਰ ਸਿੰਘ ਜੀ

ਗਿਆਨੀ ਗੁਰਮੁੱਖ ਸਿੰਘ
ਹੈੱਡ ਗ੍ਰੰਥੀ ਸ੍ਰੀ ਅਕਾਲ ਤਖਤ ਸਾਹਿਬ

ਜਸਕਰਨ ਸਿੰਘ ਕਾਹਨ ਸਿੰਘ ਵਾਲਾ

ਬਾਬਾ ਰਾਜਵਿੰਦਰ ਸਿੰਘ ਜੀ ਘਰਾਚੋਂ

ਅੰਮ੍ਰਿਤਪਾਲ ਸਿੰਘ ਲੋਂਗੋਵਾਲ

ਹਰਜੰਸ ਦਾਸ ਭਵ ਪ੍ਰਧਾਨ ਨੈਸ਼ਨਲ ਕਾਲਜ ਫੈਮੰਟੇ

ਬਲਦੇਵ ਸਿੰਘ ਸਾਲੇਵਾਲੀ

ਪ੍ਰੋ. ਕੁਰਤੇਜ ਸਿੰਘ ਤੇਜੀ

ਐਡਵੋਕੇਟ ਕਿਰਨਜੀਤ ਸਿੰਘ ਭਾਵਾ ਭੀਖੀ

ਕਰਮ ਸਿੰਘ ਅਤਲਾ ਇੰਡਸਟ੍ਰੈਂਡ

ਭਾਈ ਅੰਮ੍ਰਿਤਪਾਲ ਸਿੰਘ ਭੀਖੀ ਵਾਲੇ

ਅਲਬੀਤ ਸਿੰਘ ਬੁਢਲਾਡਾ

ਜਥੇਦਾਰ ਹਰਦਾਵਰ ਸਿੰਘ ਦੇਦੜਾ

ਜੈ ਸਿੰਘ ਭਾਦੜਾ

ਰਾਮ ਖਿਆਲਾ

ਰਮਨਦੀਪ ਸਿੰਘ ਤੂਰ

ਬੇਅੰਤ ਸਿੰਘ ਕੋਟੜਾ

ਸੁਖਰਾਜ ਸਿੰਘ ਅਤਲਾ

ਸੁਖਚੈਨ ਸਿੰਘ ਅਤਲਾ
ਮੁੱਖ ਸੇਵਾਦਾਰ

ਬੀਬੀ ਸੁਖਜੀਤ ਕੌਰ ਅਤਲਾ

ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਭਾਈ ਅੰਮ੍ਰਿਤਪਾਲ ਸਿੰਘ ਭੀਖੀ ਵਾਲੇ ਸੰਗਤਾਂ ਨੂੰ ਗੁਰਬਾਣੀ ਸਰਵਣ ਕਰਵਾਉਣਗੇ।

M. 89683-37778, 97811-73811

ਵੱਲੋਂ: ਮੁੱਖ ਸੇਵਾਦਾਰ ਸੁਖਚੈਨ ਸਿੰਘ ਅਤਲਾ, ਸ਼ਹੀਦ ਬਾਬਾ ਦੀਪ ਸਿੰਘ ਸੇਵਾ ਦਲ (ਪੰਜਾਬ)

ਅਦਾਲਤ ਨੇ ਸੱਜਣ ਕੁਮਾਰ ਵਰਗੇ ਕਾਤਿਲਾਂ ਦੇ ਹੱਕ 'ਚ ਫ਼ੈਸਲਾ ਦੇ ਕੇ ਸਾਬਿਤ ਕੀਤਾ ਦੇਸ਼ ਅੰਦਰ ਸਿੱਖ ਕੌਮ ਨੂੰ ਕੋਈ ਇਨਸਾਫ਼ ਨਹੀ ਮਿਲ ਸਕਦਾ: ਬੀਬੀ ਰਣਜੀਤ ਕੌਰ

ਦਿੱਲੀ ਕਮੇਟੀ ਵਲੋਂ ਇਸ ਆਦੇਸ਼ ਨੂੰ ਹਾਈ ਕੋਰਟ ਅੰਦਰ ਚੁਣੌਤੀ ਦੇਣ ਦਾ ਫ਼ੈਸਲਾ ਸੁਆਗਤਯੋਗ

ਨਵੀਂ ਦਿੱਲੀ 23 ਜਨਵਰੀ (ਮਨਪ੍ਰੀਤ ਸਿੰਘ ਖਾਲਸਾ): ਬੀਤੇ ਦਿਨ ਅਦਾਲਤ ਵਲੋਂ ਦਿੱਲੀ ਵਿਖੇ ਸਰਕਾਰੀ ਸ਼ਹ ਉਪਰ ਕੀਤੇ ਗਏ ਸਿੱਖਾਂ ਦੇ ਕਤਲੇਆਮ ਦੇ ਇਕ ਮੁੱਖ ਦੋਸ਼ੀ ਸੱਜਣ ਕੁਮਾਰ ਨੂੰ ਓਸਦੇ ਕੀਤੇ ਗਏ ਨਾ ਭੁਲਣਵਾਲੇ ਗੁਨਾਹਾਂ ਤੋਂ ਬਰੀ ਕਰ ਕੇ ਸਿੱਖਾਂ ਉਪਰ ਦੇਸ਼ ਅੰਦਰ ਹੋ ਰਹੇ ਗੈਰ ਇਨਸਾਨੀਅਤ ਅਤੇ ਗੈਰ ਕਾਨੂੰਨੀ ਢੰਗ ਨਾਲ ਘੋਰ ਜ਼ਬਰ ਜੁਲਮ ਅਤੇ ਬੇਇਨਸਾਫ਼ੀਆਂ ਹੀ ਯਾਦ ਕਰਵਾ ਦਿੱਤੀ ਹੈ । ਇੰਨ੍ਹਾ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਦਿੱਲੀ ਗੁਰਦੁਆਰਾ ਕਮੇਟੀ ਦੇ ਸੀਨੀਅਰ ਮੈਂਬਰ ਬੀਬੀ ਰਣਜੀਤ ਕੌਰ ਨੇ ਕਿਹਾ ਅਦਾਲਤਾਂ ਵੱਲੋ ਸੱਜਣ ਕੁਮਾਰ ਨੂੰ ਬਰੀ ਕਰ ਦੇਣ ਦੀ ਕਾਰਵਾਈ ਸਮੁੱਚੇ ਕਤਲੇਆਮ ਪੀੜੀਤਾਂ ਦੇ ਨਾਲ ਸਿੱਖ ਕੌਮ ਦੇ ਹਿਰਦਿਆਂ ਨੂੰ ਵਲੂੰਧਰਣ ਵਾਲੀ ਕਾਰਵਾਈ ਹੈ । ਇਸ ਵੱਡੇ ਕਾਤਲ ਨੂੰ ਬਰੀ ਕਰਕ ਹੁਕਮਰਾਨਾਂ ਨੇ ਸਾਬਤ ਕਰ ਦਿੱਤਾ ਹੈ ਕਿ ਸਿੱਖ ਕੌਮ ਲਈ ਇਸ ਜਮਹੂਰੀਅਤ ਕਹਾਉਣ ਵਾਲੇ ਦੇਸ਼ ਅੰਦਰ ਸਿੱਖ ਕੌਮ ਨੂੰ ਕੋਈ ਇਨਸਾਫ਼ ਨਹੀ ਮਿਲ ਸਕਦਾ । ਉਨ੍ਹਾਂ ਕਿਹਾ ਅਦਾਲਤ ਵਲੋਂ ਦੇਖਣਾ ਚਾਹੀਦਾ ਸੀ ਕਿ ਨਵੰਬਰ ਦੀ 1 ਤਰੀਕ ਤੋਂ ਲੈਕੇ 4 ਨਵੰਬਰ ਤਕ ਸਿੱਖਾਂ ਨੂੰ ਮਿਥ ਕੇ ਨਿਸ਼ਾਨਾ ਬਣਾਇਆ ਗਿਆ ਸੀ ਤੇ ਹਜਾਰਾਂ ਹੀ ਬੇਗੁਨਾਹ ਸਿੱਖ ਮਾਰ ਦਿੱਤੇ ਗਏ ਜਿਨ੍ਹਾਂ ਦੀ ਅਗਵਾਈ ਓਸ ਸਮੇਂ ਸੱਜਣ ਕੁਮਾਰ, ਜਗਦੀਸ਼ ਟਾਈਟਲਰ, ਹਰਕਿਸ਼ਨ ਭਗਤ, ਬਲਵਾਨ ਖੋਖਰ, ਮਹਿੰਦਰ ਯਾਦਵ ਵਰਗੇ ਕਾਂਗਰਸੀ ਨੇਤਾ ਕਰ ਰਹੇ ਸਨ । ਸਿੱਖਾਂ ਦੀ ਅਰਬਾਂ ਖਰਬਾਂ ਦੀ ਜਾਇਦਾਦ ਸਾੜਣ ਦੇ ਨਾਲ ਲੁਟ ਪੁਟ ਲਿੱਤੀ ਗਈ ਸੀ ਤੇ ਇੰਨਸਾਫ ਦੀ ਉਡੀਕ ਕਰਦਿਆਂ ਸਿੱਖਾਂ ਨੂੰ 41 ਸਾਲ ਹੋ ਗਏ ਹਨ ਜਿਨ੍ਹਾਂ ਵਿੱਚੋਂ ਵਡੀ ਗਿਣਤੀ ਅੰਦਰ ਕਤਲੇਆਮ ਪੀੜਿਤ ਦੁਨੀਆਂ ਤੋਂ ਰੁਖ਼ਸਤ ਹੋ ਚੁੱਕੇ ਹਨ, ਤੇ ਹੁਣ ਕਾਤਿਲਾਂ ਦੇ ਹਕ. ਵਿਚ ਫ਼ੈਸਲਾ ਦੇ ਕੇ ਇੰਨਸਾਫ ਦਾ ਕਤਲ ਕੀਤਾ ਗਿਆ ਹੈ । ਉਨ੍ਹਾਂ ਕਿਹਾ ਦਿੱਲੀ ਗੁਰੂਦੁਆਰਾ ਕਮੇਟੀ ਦੇ ਪ੍ਰਧਾਨ ਅਤੇ ਸਕੱਤਰ ਵਲੋਂ ਅਦਾਲਤ ਵਲੋਂ ਦਿੱਤੇ ਇਸ ਆਦੇਸ਼ ਨੂੰ ਹਾਈ ਕੋਰਟ ਅੰਦਰ ਚੁਣੌਤੀ ਦੇਣ ਦਾ ਫ਼ੈਸਲਾ ਕੀਤਾ ਹੈ ਜਿਸਦਾ ਸੁਆਗਤ ਕੀਤਾ ਜਾਂਦਾ ਹੈ ।

ਆਵਾਜ਼ਿ ਕੌਮ AWAZE QAUM International Newspaper & WEB TV

ਆਮ ਆਦਮੀ ਪਾਰਟੀ ਨੂੰ ਹਲਕਾ ਬਾਬਾ ਬਕਾਲਾ ਤੋਂ ਵੱਡਾ ਝਟਕਾ, ਵਿਧਾਇਕ ਟੌਂਗ ਦੇ ਖ਼ਾਸਮਖਾਸ ਅਕਾਲੀ ਦਲ ਵਾਰਿਸ ਪੰਜਾਬ ਦੇ ਵਿੱਚ ਸ਼ਾਮਿਲ

ਆਪ ਦੀਆਂ ਲੋਕ ਵਿਰੋਧੀ ਨੀਤੀਆਂ ਤੋਂ ਤੰਗ ਆ ਕੇ ਭਾਈ ਅਮਰਜੀਤ ਸਿੰਘ ਕਾਲੇਕੇ ਸੈਂਕੜੇ ਸਾਥੀਆਂ ਸਮੇਤ ਪੰਥਕ ਕਾਫ਼ਲੇ ਵਿੱਚ ਸ਼ਾਮਿਲ

ਅੰਮ੍ਰਿਤਸਰ 23 ਜਨਵਰੀ (ਕੁਲਵੰਤ ਸਿੰਘ ਵਿਰਦੀ)-ਹਲਕਾ ਬਾਬਾ ਬਕਾਲਾ ਵਿੱਚ ਆਮ ਆਦਮੀ ਪਾਰਟੀ ਨੂੰ ਉਸ ਵੇਲੇ ਵੱਡਾ ਸਿਆਸੀ ਝਟਕਾ ਲੱਗਿਆ, ਜਦੋਂ ਬਾਬਾ ਬਕਾਲਾ ਤੋਂ ਵਿਧਾਇਕ ਦਲਬੀਰ ਸਿੰਘ ਟੌਂਗ ਦੇ ਖ਼ਾਸਮਖਾਸ ਅਤੇ ਆਮ ਆਦਮੀ ਪਾਰਟੀ ਦੇ ਜ਼ਿਲਾ ਅੰਮ੍ਰਿਤਸਰ ਦੇ ਜਾਇੰਟ ਸੈਕਟਰੀ ਭਾਈ ਅਮਰਜੀਤ ਸਿੰਘ ਕਾਲੇਕੇ ਆਪਣੇ ਸੈਂਕੜੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਦੀਆਂ ਲੋਕ ਵਿਰੋਧੀ, ਝੂਠੇ ਵਾਅਦਿਆਂ ਅਤੇ ਪੰਜਾਬ 'ਤੇ ਪੰਥ ਵਿਰੋਧੀ ਨੀਤੀਆਂ ਤੋਂ ਤੰਗ ਆ ਕੇ ਮੁੱਖ ਦਫ਼ਤਰ ਵਿਖੇ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਜੀ ਪਿਤਾ ਬਾਪੂ ਤਰਸੇਮ ਸਿੰਘ ਜੀ ਅਤੇ ਬਾਬਾ ਬਕਾਲਾ ਤੋਂ ਹਲਕਾ ਇੰਚਾਰਜ ਭਾਈ ਸਰਬਜੀਤ ਸਿੰਘ ਖ਼ਾਨਪੁਰ ਦੀ ਅਗਵਾਈ ਵਿੱਚ ਭਾਈ ਸਰਬਜੀਤ ਸਿੰਘ ਖ਼ਡੂਰ ਸਾਹਿਬ, ਬਾਪੂ ਜਗੀਰ ਸਿੰਘ ਜੀ ਸੰਗਰਕੋਟ ਅਤੇ ਭਾਈ ਰਜਿੰਦਰ ਸਿੰਘ ਜੀ ਹੀਰਾ ਖ਼ਡੂਰ ਸਾਹਿਬ ਦੀ ਪ੍ਰੇਰਨਾਂ ਸਦਕਾ ਅਕਾਲੀ ਦਲ ਵਾਰਿਸ ਪੰਜਾਬ ਦੇ ਵਿੱਚ ਸ਼ਾਮਿਲ ਹੋ ਗਏ। ਇਸ ਸਮੇਂ ਅਕਾਲੀ ਦਲ ਦਲ ਵਾਰਿਸ ਪੰਜਾਬ ਦੇ ਮੁੱਖ ਆਗੂਆਂ ਵਿੱਚੋਂ ਚਾਚਾ ਪ੍ਰਗਟ ਸਿੰਘ ਜੀ, ਭਾਈ ਸ਼ਮਸ਼ੇਰ ਸਿੰਘ ਪੱਧਰੀ, ਭਾਈ ਪ੍ਰਗਟ ਸਿੰਘ ਮੀਆਂਵਿੰਡ, ਨਵਤੇਜ ਸਿੰਘ ਛੱਜਲਵੱਡੀ, ਭਾਈ ਪਵਿੱਤਰਜੀਤ ਸਿੰਘ, ਭਾਈ ਬਲਦੇਵ ਸਿੰਘ ਜੱਲੂਪੁਰ, ਭਾਈ ਜੋਧਬੀਰ ਸਿੰਘ ਜੱਲੂਪੁਰ, ਜਗਦੀਪ ਸਿੰਘ ਨਾਗੋਕੇ, ਭਾਈ ਦਲਜੀਤ ਸਿੰਘ ਮਿਆਦੀਆਂ, ਜਗਮਨਜੀਤ ਸਿੰਘ ਸਰਾਂ, ਗੁਰਜੀਤ ਸਿੰਘ ਭਲੋਜਲਾ, ਸੂਬੇਦਾਰ ਬਲਕਾਰ ਸਿੰਘ, ਪਲਵਿੰਦਰ ਸਿੰਘ ਸੱਕਿਆਂਵਾਲੀ, ਕੈਪਟਨ ਗੁਰਮੁੱਖ ਸਿੰਘ ਸੁਧਾਰ, ਸੁਖਵੰਤ ਸਿੰਘ ਜਲਾਲਾਬਾਦ, ਭਾਈ ਸਤਨਾਮ ਸਿੰਘ ਮੀਆਂਵਿੰਡ, ਭਾਈ ਸਤਨਾਮ ਸਿੰਘ ਜੱਲੂਪੁਰ, ਭਾਈ ਦਯਾ ਸਿੰਘ ਜੀ, ਭਾਈ ਗੁਰਦਰਸ਼ਨ ਸਿੰਘ, ਮਹਿੰਦਰਪਾਲ ਸਿੰਘ ਤੁੰਗ ਅਤੇ ਬਾਬਾ ਹਰਜੀਤ ਸਿੰਘ ਅਲੋਵਾਲ ਮੌਜੂਦ ਸਨ। ਇਸ ਮੌਕੇ ਭਾਈ ਅਮਰਜੀਤ ਸਿੰਘ ਕਾਲੇਕੇ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਪੰਜਾਬ ਦੀ ਜਨਤਾ ਨੂੰ ਸਿਰਫ਼ ਝੂਠੇ ਸੁਪਨੇ ਵਿਖਾਏ ਹਨ ਅਤੇ ਪੰਥ ਅਤੇ ਪੰਜਾਬ ਪ੍ਰਤੀ ਬਣਦੇ ਸਾਰੇ ਫ਼ਰਜਾਂ ਨੂੰ ਦਰਕਿਨਾਰ ਕੀਤਾ ਹੈ, ਜਦਕਿ ਜ਼ਮੀਨੀ ਹਕੀਕਤ ਵਿੱਚ ਲੋਕ ਮਹਿੰਗਾਈ, ਬੇਰੁਜ਼ਗਾਰੀ, ਨਸ਼ਿਆਂ ਅਤੇ ਬੇਇਨਸਾਫ਼ੀ ਨਾਲ ਜੂਝ ਰਹੇ ਹਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਵਾਰਿਸ ਪੰਜਾਬ ਹੀ ਹੁਣ ਇਕ ਐਸੀ ਖੇਤਰੀ ਧਿਰ ਹੈ ਜੋ ਪੰਥਕ ਅਸੂਲਾਂ, ਪੰਜਾਬ ਦੇ ਹੱਕਾਂ ਅਤੇ ਸਰਬੱਤ ਦੇ ਭਲੇ ਲਈ ਡੱਟ ਕੇ ਲੜਾਈ ਲੜ ਰਹੀ ਹੈ। ਬਾਪੂ ਤਰਸੇਮ ਸਿੰਘ ਜੀ ਨੇ ਨਵੇਂ ਸ਼ਾਮਿਲ ਹੋਏ ਸਾਰੇ ਸਾਥੀਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਇਹ ਸ਼ਾਮੂਲੀਅਤ ਇਸ ਗੱਲ ਦਾ ਸਪੱਸ਼ਟ ਸੰਕੇਤ ਹੈ ਕਿ ਪੰਜਾਬ ਦੀ ਜਨਤਾ ਹੁਣ ਝੂਠੀ ਰਾਜਨੀਤੀ ਤੋਂ ਉਕਤਾ ਚੁੱਕੀ ਹੈ ਅਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਇਨਕਲਾਬੀ ਵਿਚਾਰਾਂ ਨਾਲ ਜੁੜ ਰਹੀ ਹੈ। ਇਸ ਸਮੇਂ ਅਕਾਲੀ ਦਲ ਵਾਰਿਸ ਪੰਜਾਬ ਦੇ ਵਿੱਚ ਸ਼ਾਮਿਲ ਹੋਏ ਆਮ ਆਦਮੀ ਪਾਰਟੀ ਦੇ ਪ੍ਰਮੁੱਖ ਆਗੂਆਂ ਅਤੇ ਵਰਕਰਾਂ ਵਿੱਚ ਮੁੱਖ ਤੌਰ ਤੇ ਸ੍ਰ ਹਰਦੇਵ ਸਿੰਘ ਕਾਲੇਕੇ, ਹਰਦੀਪ ਸਿੰਘ ਖਾਲਸਾ, ਸਤਨਾਮ ਸਿੰਘ, ਗੁਰਪਾਲ ਸਿੰਘ, ਪ੍ਰਭਜੋਤ ਸਿੰਘ, ਭੁਪਿੰਦਰ ਸਿੰਘ ਧਾਮੀ, ਅਕਾਸ਼ਦੀਪ ਸਿੰਘ, ਡਾ ਸੁਖਦੇਵ ਸਿੰਘ ਸੋਨੂੰ, ਭਗਵਾਨ ਸਿੰਘ, ਰਣਜੀਤ ਸਿੰਘ, ਕੁਲਦੀਪ ਸਿੰਘ, ਭੁਪਿੰਦਰ ਸਿੰਘ ਪੱਡੇ, ਨਵਦੀਪ ਸਿੰਘ, ਤੇਜਪਾਲ ਸਿੰਘ, ਮਨਪ੍ਰੀਤ ਸਿੰਘ ਅਤੇ ਅੰਮ੍ਰਿਪਾਲ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਹੋਰ ਵੀ ਵਰਕਰ ਸ਼ਾਮਿਲ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਸਦਰ ਬਾਜ਼ਾਰ ਵਿੱਚ ਬਸੰਤ ਪੰਚਮੀ ਬੜੀ ਧੂਮਧਾਮ ਨਾਲ ਮਨਾਈ ਗਈ

ਬਸੰਤ ਪੰਚਮੀ ਖੁਸ਼ਹਾਲੀ ਦਾ ਹੈ ਪ੍ਰਤੀਕ - ਪਰਮਜੀਤ ਸਿੰਘ ਪੰਮਾ

ਨਵੀਂ ਦਿੱਲੀ, 23 ਜਨਵਰੀ (ਮਨਪ੍ਰੀਤ ਸਿੰਘ ਖਾਲਸਾ)-ਸਦਰ ਬਾਜ਼ਾਰ ਵਿੱਚ ਬਸੰਤ ਪੰਚਮੀ ਬੜੀ ਧੂਮਧਾਮ ਨਾਲ ਮਨਾਈ ਗਈ। ਇਸ ਮੌਕੇ ਸਦਰ ਬਾਜ਼ਾਰ ਬਾਰੀ ਮਾਰਕੀਟ ਵਪਾਰੀ ਐਸੋਸੀਏਸ਼ਨ ਦੇ ਪ੍ਰਧਾਨ ਪਰਮਜੀਤ ਸਿੰਘ ਪੰਮਾ ਦੀ ਪ੍ਰਧਾਨਗੀ ਹੇਠ ਸਦਰ ਬਾਜ਼ਾਰ ਕੁਤੁਬ ਰੋਡ 'ਤੇ ਮਿੱਠੇ ਪੀਲੇ ਚੌਲਾਂ ਦਾ ਪ੍ਰਸ਼ਾਦ ਵੰਡਿਆ ਗਿਆ। ਇਸ ਮੌਕੇ ਫੈਡਰੇਸ਼ਨ ਆਫ ਸਦਰ ਬਾਜ਼ਾਰ ਵਪਾਰੀ ਐਸੋਸੀਏਸ਼ਨ ਦੇ ਪ੍ਰਧਾਨ ਰਾਕੇਸ਼ ਯਾਦਵ, ਕਾਰਜਕਾਰੀ ਪ੍ਰਧਾਨ ਚੌਧਰੀ ਯੋਗੇਂਦਰ ਸਿੰਘ, ਜਨਰਲ ਸਕੱਤਰ ਕਮਲ ਕੁਮਾਰ, ਖਜ਼ਾਨਚੀ ਦੀਪਕ ਮਿੱਤਲ, ਗ੍ਰੀਨ ਮਾਰਕੀਟ ਸਦਰ ਬਾਜ਼ਾਰ ਦੇ ਜਸਵਿੰਦਰ ਸਿੰਘ ਅਤੇ ਰਜਨੀਸ਼ ਕੁਮਾਰ, ਬਾਰੀ ਮਾਰਕੀਟ ਦੇ ਸੀਨੀਅਰ ਉਪ ਪ੍ਰਧਾਨ ਵਰਿੰਦਰ ਆਰੀਆ, ਕੁਲਦੀਪ ਸਿੰਘ, ਉਪ ਪ੍ਰਧਾਨ ਰਾਜੇਸ਼ ਕੁਮਾਰ, ਸਕੱਤਰ ਸ਼ੇਖਰ ਕਟਾਰੀਆ, ਨੌਜਵਾਨ ਕਾਰੋਬਾਰੀ ਆਗੂ ਕੁਨਾਲ ਡੋਗਰਾ ਅਤੇ ਹੋਰ ਬਹੁਤ ਸਾਰੇ ਵਪਾਰੀਆਂ ਦਾ ਪਰਮਜੀਤ ਸਿੰਘ ਪੰਮਾ ਨੇ ਪੀਲੀਆਂ ਪੱਗਾਂ ਬੰਨ੍ਹ ਕੇ ਸਵਾਗਤ ਕੀਤਾ ਅਤੇ ਇੱਕ ਦੂਜੇ ਨੂੰ ਬਸੰਤ ਪੰਚਮੀ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ। ਪਰਮਜੀਤ ਸਿੰਘ ਪੰਮਾ ਨੇ ਕਿਹਾ ਕਿ ਬਾਜ਼ਾਰ ਨੂੰ ਪੀਲੇ ਫੁੱਲਾਂ ਅਤੇ ਗੁਬਾਰਿਆਂ ਨਾਲ ਸਜਾਇਆ ਗਿਆ ਸੀ ਅਤੇ ਸਾਰੇ ਮਹਿਮਾਨਾਂ ਦਾ ਪੀਲੇ ਰੰਗ ਦੀਆਂ ਪੱਟੀਆਂ ਨਾਲ ਸਵਾਗਤ ਕੀਤਾ ਗਿਆ। ਇਸ ਮੌਕੇ ਦੇਸ਼ ਵਿੱਚ ਏਕਤਾ ਅਤੇ ਅਖੰਡਤਾ ਅਤੇ ਵਪਾਰੀਆਂ ਦੀ ਖੁਸ਼ਹਾਲੀ ਲਈ ਪ੍ਰਾਰਥਨਾ ਕੀਤੀ ਗਈ। ਪੰਮਾ ਨੇ ਕਿਹਾ ਕਿ ਬਸੰਤ ਪੰਚਮੀ ਦਾ ਤਿਉਹਾਰ ਸਾਨੂੰ ਕੁਦਰਤ ਨਾਲ ਜੁੜਨ ਦਾ ਮੌਕਾ ਪ੍ਰਦਾਨ ਕਰਦਾ ਹੈ। ਜਿੱਥੇ ਬਸੰਤ ਪੰਚਮੀ ਦਾ ਤਿਉਹਾਰ ਵਿਦਿਆਰਥੀਆਂ ਲਈ ਬਹੁਤ ਸ਼ੁਭ ਮੰਨਿਆ ਜਾਂਦਾ ਹੈ, ਉੱਥੇ ਵਪਾਰੀ ਵੀ ਵਪਾਰੀਆਂ ਦੀ ਖੁਸ਼ਹਾਲੀ ਲਈ ਇਸਨੂੰ ਬਹੁਤ ਧੂਮਧਾਮ ਨਾਲ ਮਨਾਉਂਦੇ ਹਨ। ਇਸ ਦਿਨ ਪੀਲੇ ਕੱਪੜੇ ਪਹਿਨਣ, ਪੀਲੇ ਫੁੱਲਾਂ ਨਾਲ ਪੂਜਾ ਕਰਨ ਅਤੇ ਮਿੱਠੇ ਪਕਵਾਨ ਤਿਆਰ ਕਰਨ ਦੀ ਪਰੰਪਰਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

ਰੋਜ਼ਾਨਾ ਸਵਾ ਲੱਖ ਮੂਲ ਮੰਤਰ ਜਾਪ | ਨਾਮ ਰਸੀਏ ਅਸੀਸਾਂ ਬਖ਼ਸ਼ਣ ਨਾਮ ਅਭਿਆਸੀ ਹਾਜ਼ਰੀਆਂ ਭਰਨ | ਰੋਜ਼ਾਨਾ 125 ਪਾਠ ਸੁਖਮਨੀ ਸਾਹਿਬ

ਗੁਰ ਭਗਤੀ ਸ਼ਬਦ ਜਾਪ

ਧੰਨ ਬਾਬਾ ਨੰਦ ਸਿੰਘ ਜੀ ਧੰਨ ਬਾਬਾ ਈਸ਼ਰ ਸਿੰਘ ਜੀ ਨਾਨਕਸਰ ਕਲੇਰਾਂ ਵਾਲਿਆਂ ਦੀ ਯਾਦ ਵਿੱਚ ਅਭਿਆਸੀ ਗੁਰਸਿੱਖਾਂ ਨੂੰ ਸਮਰਪਿਤ

1 ਜਨਵਰੀ ਤੋਂ 5 ਫਰਵਰੀ ਪੋਹ ਮਾਘ 2026

ਨਾਨਕਸਰ ਕੁਟੀਆ ਪਟਿਆਲਾ ਵਿਖੇ

36 ਦਿਨ ਸ਼ਾਮ 7:00 ਤੋਂ 9:00 ਕੀਰਤਨ-ਕਥਾ

36 ਦਿਨ, 36 ਬਾਣੀਆਂ, 36 ਵਿਦਵਾਨ

31 ਜਨਵਰੀ 2026

ਵਿਸ਼ਾ: ਸਵਯੇ ਸ੍ਰੀ ਮੁਖਬਾਕ੍ ਮਹਲਾ ੫

ਰਾਗੀ ਸੰਤੋਖ ਸਿੰਘ

ਜਥੇਦਾਰ ਬਾਬਾ ਬਲਜੀਤ ਸਿੰਘ ਦਾਦੂਵਾਲ

ਆਵਾਜ਼ਿ ਕੌਮ AWAZE QAUM International Newspaper & WEB TV

ਅਰਜ਼ੋਈ ਕਰਤਾ:
ਬਾਬਾ ਹਰਚਰਨ ਸਿੰਘ,
ਨਾਨਕਸਰ ਕੁਟੀਆ ਬਿਹੰਗਮ,ਸਤਿਸੰਗੀ,
ਤ੍ਰਿਪੜੀ,ਪਟਿਆਲਾ,ਪੰਜਾਬ
9815133113

24 ਜਨਵਰੀ 1990

ਜਦੋਂ ਕੌਮ ਦਾ ਰੌਸ਼ਨ ਦਿਮਾਗ, ਨੌਜਵਾਨ ਆਗੂ ਭਾਈ ਹਰਮਿੰਦਰ ਸਿੰਘ ਸੰਧੂ ਵਿਸਾਹਘਾਤ ਦਾ ਸ਼ਿਕਾਰ ਹੋਇਆ..!

ਲੇਖਕ : ਬਲਜੀਤ ਸਿੰਘ ਖ਼ਾਲਸਾ, ਸੰਪਾਦਕ 'ਵੰਗਾਰ' -98558 31284

ਤੁਫ਼ਾਨੀ ਦੌਰੇ, ਮੁਲਾਕਾਤਾਂ ਦੇ ਲੰਮੇ ਦੌਰ ਵਿੱਚ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਚੌਕ ਮਹਿਤਾ ਵਿਖੇ 23 ਜਨਵਰੀ 1990 ਦੀ ਰਾਤ ਨੂੰ ਸ: ਹਰਮਿੰਦਰ ਸਿੰਘ ਸੰਧੂ ਕਾਫ਼ੀ ਲੇਟ ਹੋਣ ਦੇ ਬਾਵਜੂਦ ਘਰ ਪਰਤ ਆਇਆ।

2 ਵਜੇ ਰਾਤ ਘਰ ਆਉਣ ਪਿੱਛੋਂ ਸਵੇਰੇ ਛੇਤੀ ਉੱਠਣਾ ਮੁਸ਼ਕਲ ਹੁੰਦਾ ਹੈ, ਪਰ ਸੰਧੂ ਨੇ ਆਪਣੇ ਭੂਆ ਦੇ ਪੁੱਤ ਗੁਰਮੀਤ ਸਿੰਘ ਨੂੰ ਹਦਾਇਤ ਕੀਤੀ:- "ਮੈਨੂੰ ਸਵੇਰੇ 4 ਵਜੇ ਉਠਾ ਦਵੀਂ।"

ਸਵੇਰੇ 4 ਵਜੇ ਜਦੋਂ ਗੁਰਮੀਤ ਸਿੰਘ ਸ: ਸੰਧੂ ਨੂੰ ਉਠਾਉਣ ਉਸ ਦੇ ਕਮਰੇ ਵੱਲ ਜਾ ਰਿਹਾ ਸੀ ਤਾਂ ਸ: ਸੰਧੂ ਦੀ ਮਾਤਾ ਨੇ ਉਸ ਨੂੰ ਇਹ ਕਹਿ ਕੇ ਰੋਕ ਦਿੱਤਾ ਕਿ ਉਹ ਰਾਤੀਂ 2 ਵਜੇ ਆਇਆ ਹੈ, ਅਜੇ ਸੌਂ ਲੈਣ ਦੇ।

ਇੰਗਲੈਂਡ ਦੀ ਲੇਖਕਾ ਜੋਇਸ ਜੇ.ਐਮ. ਪੈਟੀਗ੍ਰਿਊ, ਜਿਸ ਨੇ ਪੰਜਾਬ ਦੀ ਖਾੜਕੂ ਲਹਿਰ ਬਾਰੇ ਬੜੀ ਡੂੰਘਿਆਈ ਨਾਲ਼ ਖੋਜ ਕਰ ਕੇ ਇੱਕ ਬਾਕਮਾਲ ਕਿਤਾਬ 'ਠਹਇ ਸ਼ਿਕਹਸੋ ਡ ਫੁਨਜਓਬ' ਲਿਖੀ ਹੈ, ਨੇ ਸ: ਹਰਮਿੰਦਰ ਸਿੰਘ ਸੰਧੂ ਦੇ ਕਤਲ ਬਾਰੇ ਖੋਜ ਕਰਦਿਆਂ ਸ: ਸੰਧੂ ਦੇ ਮਾਤਾ ਜੀ ਨਾਲ਼ ਗੱਲ ਕੀਤੀ ਤਾਂ 24 ਜਨਵਰੀ 1990 ਦੀ ਸਵੇਰ ਦੇ ਘਟਨਾਕ੍ਰਮ ਬਾਰੇ ਮਾਤਾ ਜੀ ਨੇ ਉਕਤ ਲੇਖਕਾ ਨੂੰ ਦੱਸਿਆ:- "ਪਿਛਲੀ ਰਾਤ (23 ਜਨਵਰੀ ਦੀ ਰਾਤ) ਨੂੰ ਸਾਡੇ ਘਰ (45, ਕੋਰਟ ਰੋਡ, ਅੰਮ੍ਰਿਤਸਰ) ਤਿੰਨ ਮੁੰਡੇ ਆਏ ਤੇ ਪੁੱਛਣ ਲੱਗੇ ਕਿ ਉਹ (ਸ: ਸੰਧੂ) ਕਿੱਥੇ ਹੈ। ਉਸ ਸਮੇਂ ਉਹ ਘਰ ਨਹੀਂ ਸੀ, ਉਹ ਮੁੰਡੇ ਚਲੇ ਗਏ। ਅਗਲੀ ਸਵੇਰ 5 ਵਜੇ ਇੱਕ ਫ਼ੋਨ ਆਇਆ ਤੇ ਉਹਨਾਂ ਨੇ ਫੇਰ ਉਹਦੇ (ਸ: ਸੰਧੂ) ਬਾਰੇ ਪੁੱਛਿਆ ਕਿ ਉਹ ਆ ਗਿਆ ਹੈ ? ਮੈਂ ਫ਼ੋਨ ਕਰਨ ਵਾਲ਼ਿਆਂ ਨੂੰ ਕਿਹਾ ਕਿ ਜੇ ਤੁਸੀਂ ਉਸ ਨੂੰ ਮਿਲ਼ਣਾ ਹੈ ਤਾਂ ਥੋੜ੍ਹਾ ਰੁਕ ਕੇ ਆਇਓ, ਕਿਉਂਕਿ ਉਹ ਰਾਤੀਂ ਲੇਟ ਆਇਆ ਸੀ, ਤੇ ਅਜੇ ਸੁੱਤਾ ਹੈ।.....ਸਵੇਰੇ 7 ਵਜੇ ਉਹ ਫ਼ੋਨ ਕਰਨ ਵਾਲ਼ੇ ਘਰ ਆ ਪਹੁੰਚੇ....।"

ਸ: ਹਰਮਿੰਦਰ ਸਿੰਘ ਸੰਧੂ ਦੀ ਭੂਆ ਦੇ ਲੜਕੇ ਗੁਰਮੀਤ ਸਿੰਘ ਅਨੁਸਾਰ ਸ: ਸੰਧੂ 7 ਕੁ ਵਜੇ ਉੱਠਿਆ ਤਾਂ ਉਸ ਨੇ ਉਹਨੂੰ (ਗੁਰਮੀਤ ਸਿੰਘ ਨੂੰ) ਇਹ ਕਿਹਾ ਕਿ ਮੈਨੂੰ 4 ਵਜੇ ਉਠਾਇਆ ਕਿਉਂ ਨਹੀਂ। ਗੁਰਮੀਤ ਸਿੰਘ ਨੇ ਸਾਰੀ ਗੱਲ ਦੱਸ ਦਿੱਤੀ ਅਤੇ ਨਾਲ਼ ਹੀ ਇਹ ਦੱਸਿਆ ਕਿ ਦੋ ਲੜਕੇ ਮਿਲ਼ਣ ਲਈ ਆਏ ਹਨ। ਸ: ਸੰਧੂ ਨੇ ਪਹਿਲਾਂ ਉਹਨਾਂ ਨੂੰ ਬਿਠਾ ਕੇ ਚਾਹ ਪਾਣੀ ਪਿਆਉਣ ਲਈ ਕਹਿੰਦਿਆਂ ਖ਼ੁਦ ਇਸ਼ਨਾਨ ਕਰ ਲੈਣ ਬਾਰੇ ਸੋਚਿਆ, ਪਰ ਇਕਦਮ ਉਸ ਦੇ ਦਿਮਾਗ਼ ਵਿੱਚ ਪਤਾ ਨਹੀਂ ਕੀ ਆਇਆ ਕਿ ਉਸ ਨੇ ਕਿਹਾ :- "ਚਲੋ ਪਹਿਲਾਂ ਇਹਨਾਂ ਸਿੰਘਾਂ ਨੂੰ ਮਿਲ਼ ਹੀ ਲੈਨੇ ਆਂ।"

ਉਹ ਸ਼ਖ਼ਸ ਸ: ਹਰਮਿੰਦਰ ਸਿੰਘ ਸੰਧੂ ਨੂੰ ਪੂਰੀ ਗਰਮਜੋਸ਼ੀ ਨਾਲ਼ ਮਿਲ਼ੇ ਤੇ ਫਿਰ ਉਹਨਾਂ ਨੇ ਡਰਾਇੰਗ ਰੂਮ ਦੀ ਬਜਾਏ ਕਿਤੇ ਵੱਖਰੇ ਬੈਠ ਕੇ ਗੱਲ ਕਰਨ ਲਈ ਕਿਹਾ।

ਸ: ਹਰਮਿੰਦਰ ਸਿੰਘ ਸੰਧੂ ਉਹਨਾਂ ਨੂੰ ਉਸ ਕਮਰੇ ਦੇ ਵਿੱਚ ਲੈ ਆਇਆ, ਜਿਸ ਦਾ ਇੱਕ ਦਰਵਾਜ਼ਾ ਬਾਹਰ ਨੂੰ ਵੀ ਖੁੱਲ੍ਹਦਾ ਸੀ। ਓਥੇ ਬਹਿ ਕੇ ਥੋੜ੍ਹਾ ਚਿਰ ਗੱਲਬਾਤ ਕੀਤੀ ਹੀ ਸੀ ਕਿ ਫ਼ੋਨ ਦੀ ਘੰਟੀ ਵੱਜੀ। (ਸੂਤਰਾਂ ਅਨੁਸਾਰ ਇਹ ਫ਼ੋਨ ਵੀ ਬਣਾਈ ਗਈ ਸਾਜ਼ਿਸ਼ ਦਾ ਇੱਕ ਹਿੱਸਾ ਸੀ)। ਫ਼ੋਨ ਦੀ ਤਾਰ ਕਾਫ਼ੀ ਲੰਮੀ ਸੀ, ਗੁਰਮੀਤ ਸਿੰਘ ਫ਼ੋਨ ਚੁੱਕ ਕੇ ਸ: ਸੰਧੂ ਦੇ ਕੋਲ਼ ਲੈ ਗਿਆ ਅਤੇ ਉਹਨਾਂ ਦੇ ਇਕੱਲਿਆਂ ਗੱਲ ਕਰਨ ਦੀ ਹਦਾਇਤ ਮੁਤਾਬਿਕ ਆਪ ਬਾਹਰ ਆ ਗਿਆ। ਸ: ਹਰਮਿੰਦਰ ਸਿੰਘ ਸੰਧੂ ਨੇ ਫ਼ੋਨ ਦਾ ਰਿਸੀਵਰ ਕੰਨ ਨੂੰ ਲਾਇਆ ਤਾਂ ਇਸ ਮੌਕੇ ਦੀ ਉਡੀਕ ਕਰ ਰਹੇ ਉਹਨਾਂ ਵਿਸਾਹਘਾਤੀਆਂ ਨੇ ਫ਼ੁਰਤੀ ਨਾਲ਼ ਆਪਣੇ ਹਥਿਆਰ ਕੱਢ ਕੇ ਸ: ਹਰਮਿੰਦਰ ਸਿੰਘ ਸੰਧੂ ਦੇ ਸਿਰ ਤੇ ਪਿਛਲੇ ਪਾਸੇ ਗੋਲ਼ੀਆਂ ਮਾਰੀਆਂ।

ਗੋਲ਼ੀਆਂ ਦਾ ਖੜਾਕ ਸੁਣ ਕੇ ਭੂਆ ਦੇ ਪੁੱਤ ਗੁਰਮੀਤ ਸਿੰਘ ਸਮੇਤ ਜਦੋਂ ਤਕ ਬਾਕੀ ਮੈਂਬਰ ਭੱਜ ਕੇ ਉਕਤ ਕਮਰੇ ਵਿੱਚ ਪਹੁੰਚੇ, ਉਹ ਦੋਵੇਂ ਕਾਤਲ ਦੂਜੇ ਦਰਵਾਜ਼ੇ ਵਿੱਚੋਂ ਨਿਕਲ਼ ਕੇ ਭੱਜ ਚੁੱਕੇ ਸਨ। ਸ: ਸੰਧੂ ਦਾ ਨਜ਼ਦੀਕੀ ਫ਼ੈਡਰੇਸ਼ਨ ਕਾਰਕੁੰਨ ਭਾਈ ਜੁਗਰਾਜ ਸਿੰਘ ਯੂਪੀ ਇਸ ਸਮੇਂ ਦੌੜ ਕੇ ਘਰੋਂ ਬਾਹਰ ਵੀ ਨਿਕਲ਼ਿਆ ਅਤੇ ਕਾਤਲਾਂ ਦਾ ਪਿੱਛਾ ਕਰਨ ਦਾ ਯਤਨ ਕੀਤਾ। ਕਾਤਲਾਂ ਵਿੱਚੋਂ ਇੱਕ ਸਕੂਟਰ ਤੇ ਪਿਛਲੇ ਪਾਸੇ ਮੂੰਹ ਕਰ ਕੇ ਬੈਠਾ ਸੀ। ਉਸ ਨੇ ਹਥਿਆਰ ਜੁਗਰਾਜ ਸਿੰਘ ਵੱਲ ਤਾਣਿਆ ਅਤੇ ਇਸ ਤਰ੍ਹਾਂ ਕਾਤਲ ਸਕੂਟਰ ਭਜਾ ਕੇ ਲੈ ਗਏ।

ਸਿਰ ਵਿੱਚ ਗੋਲ਼ੀਆਂ ਵੱਜਣ ਦੇ ਬਾਵਜੂਦ ਓਦੋਂ ਤਕ ਸ: ਹਰਮਿੰਦਰ ਸਿੰਘ ਸੰਧੂ ਤੇ ਬੇਸੁਰਤੀ ਪੂਰੀ ਤਰ੍ਹਾਂ ਹਾਵੀ ਨਹੀਂ ਸੀ ਹੋਈ, ਉਸ ਨੇ ਇਸ਼ਾਰੇ ਨਾਲ਼ ਗੁਰਮੀਤ ਸਿੰਘ ਨੂੰ ਕੋਈ ਹਦਾਇਤ ਵੀ ਦਿੱਤੀ; ਪਰ ਛੇਤੀ ਹੀ ਉਹ ਨਿਢਾਲ ਹੋ ਗਿਆ।

ਜੁਗਰਾਜ ਸਿੰਘ ਨੇ ਸ: ਸੰਧੂ ਨੂੰ ਮੋਢਿਆਂ ਤੇ ਚੁੱਕਿਆ। ਸਾਰਿਆਂ ਵੱਲੋਂ ਕਾਹਲ਼ੀ ਨਾਲ਼ ਗੱਡੀ ਵਿੱਚ ਪਾ ਕੇ ਸ: ਹਰਮਿੰਦਰ ਸਿੰਘ ਸੰਧੂ ਨੂੰ ਸਿਵਲ ਹਸਪਤਾਲ ਲਿਜਾਇਆ ਗਿਆ। ਬਚਾਉਣ ਦੇ ਯਤਨ ਹੋਏ, ਪਰ ਵਿਸਾਹਘਾਤੀਆਂ ਨੇ ਗੋਲ਼ੀਆਂ ਸਿਰ ਦੇ ਵਿੱਚ ਮਾਰੀਆਂ ਸਨ।

ਆਪਣੀ ਕੌਮ ਦੀ ਪੀੜ ਛਾਤੀ ਵਿੱਚ ਸੰਭਾਲ਼ੀ ਬੈਠਾ ਉਹ ਸੂਰਮਾ, ਜਿਸ ਦੇ ਇੱਕ ਇੱਕ ਕਦਮ ਨਾਲ਼ ਦਿੱਲੀ ਵਿਚਲੀ ਹਿੰਦ ਹਕੂਮਤ ਨੂੰ ਧੁੜਕੂ ਲੱਗ ਜਾਂਦਾ ਸੀ, ਉਹ ਕੁਝ 'ਆਪਣਿਆਂ' ਦੇ ਹੱਥੋਂ ਮਾਰਿਆ ਗਿਆ ਸੀ। ਉਹ ਸੂਰਮਾ, ਜਿਸ ਨੇ ਆਪਣੇ ਜੁਝਾਰੂ ਜੀਵਨ ਵਿੱਚ ਜਿੰਨੇ ਵੀ ਐਕਸ਼ਨ ਉਲੀਕੇ, ਹਰੇਕ ਐਕਸ਼ਨ ਨਾਲ਼ ਸਿੱਖਾਂ ਦੇ ਘਰਾਂ ਵਿੱਚ ਖੁਸ਼ੀ ਅਤੇ ਸਿੱਖੀ ਦੇ ਦੁਸ਼ਮਣਾਂ ਦੇ ਘਰ ਮਾਤਮ ਪਸਰਦਾ ਰਿਹਾ ਸੀ, ਉਸ ਉੱਤੇ ਗੋਲ਼ੀਆਂ ਚਲਾਉਣ ਅਤੇ ਚਲਵਾਉਣ ਵਾਲ਼ੇ ਵਿਸਾਹਘਾਤੀਆਂ ਦੀ ਕਰਤੂਤ ਦੇ ਨਾਲ਼ ਸਿੱਖਾਂ ਦੇ ਘਰਾਂ 'ਚ ਮਾਤਮ ਪਸਰ ਗਿਆ ਤੇ ਸਿੱਖੀ ਦੇ ਦੋਖੀਆਂ ਦੇ ਘਰੀਂ ਖੁਸ਼ੀ ਦੀ ਲਹਿਰ ਦੌੜ ਗਈ।

ਸ: ਹਰਮਿੰਦਰ ਸਿੰਘ ਸੰਧੂ ਦੇ ਕਤਲ ਤੋਂ ਬਾਅਦ ਉਸ ਲਈ ਆਈ ਡਾਕ ਵਿੱਚੋਂ ਇੱਕ ਬੰਦ ਚਿੱਠੀ ਵੀ ਮਿਲ਼ੀ, ਜੋ ਅਜੇ ਖੋਲ੍ਹੀ ਨਹੀਂ ਸੀ ਗਈ। ਸ਼ਾਇਦ ਸਮਾਂ ਨਹੀਂ ਲੱਗਾ। ਪਰਵਾਰ ਨੇ ਉਹ ਚਿੱਠੀ ਖੋਲ੍ਹੀ ਤਾਂ ਉਸ ਵਿੱਚ ਲਿਖਿਆ ਸੀ ਕਿ ਤੁਹਾਨੂੰ ਕਤਲ ਕਰਨ ਦੀ ਸਾਜ਼ਿਸ਼ ਤਿਆਰ ਹੋ ਚੁੱਕੀ ਹੈ ਤੇ ਕਿਸੇ ਵੀ ਤਰੀਕੇ ਆਪਣਾ ਬਚਾਅ ਕਰੋ।

ਉਸ ਦੇ ਸ਼ੁੱਭਚਿੰਤਕਾਂ ਦਾ ਇਹ ਪਹਿਲਾ ਸੁਨੇਹਾ ਨਹੀਂ ਸੀ।

ਕਿੰਨੀ ਅਚੰਭੇ ਦੀ ਗੱਲ ਹੈ ਕਿ ਸ: ਹਰਮਿੰਦਰ ਸਿੰਘ ਸੰਧੂ ਦੇ ਕਤਲ ਦੀ ਜ਼ਿੰਮੇਵਾਰੀ ਚੁੱਕਣ ਵਾਲ਼ੀਆਂ ਚਾਰ ਜਥੇਬੰਦੀਆਂ ਦੇ ਅੰਦਰੋਂ ਵੀ ਅਤੇ ਉਹਨਾਂ ਦੇ ਹਮਾਇਤੀਆਂ ਅੰਦਰੋਂ ਵੀ ਸੰਧੂ ਦੇ ਕਤਲ ਦੀ ਤਿਆਰੀ ਦੀਆਂ ਕਨਸੋਆਂ ਮਿਲ਼ਣ ਤੇ ਵਾਰ ਵਾਰ ਸ: ਹਰਮਿੰਦਰ ਸਿੰਘ ਸੰਧੂ ਨੂੰ ਖ਼ਤਰੇ ਬਾਰੇ ਆਗਾਹ ਕੀਤਾ ਜਾ ਰਿਹਾ ਸੀ।

ਏਸੇ ਹੀ ਲੜੀ ਵਿੱਚ ਗੁਰਿੰਦਰ ਸਿੰਘ ਚੇਲੇਕੇ ਨੂੰ ਸ: ਪ੍ਰਗਟ ਸਿੰਘ ਵੈਰੋਕੇ ਜੋ ਕਿ ਪੰਥਕ ਕਮੇਟੀ ਡਾ. ਸੋਹਣ ਸਿੰਘ ਦੇ ਨਾਲ਼ ਹਰਜੀਤ ਸਿੰਘ ਖ਼ਾਲਸਾ ਦੇ ਨਾਮ ਹੇਠ ਵਿਚਰਦਾ ਸੀ, ਨੇ ਚੇਲੇਕੇ ਨੂੰ ਉਚੇਚੇ ਜਾ ਕੇ ਆਖਿਆ ਕਿ ਸੰਧੂ ਦਾ ਬਚਾਅ ਕਰ ਲਓ, ਉਹਨੂੰ ਮਾਰਨ ਲਈ ਡਿਊਟੀਆਂ ਲੱਗ ਗਈਆਂ ਨੇ।

ਇਹ ਸੁਣ ਕੇ ਗੁਰਿੰਦਰ ਸਿੰਘ ਚੇਲੇਕੇ ਨੂੰ ਸਾਰੀ ਰਾਤ ਨੀਂਦ ਨਾ ਆਈ। ਸਵੇਰੇ ਤੜਕੇ ਹੀ ਉਹ ਅੰਮ੍ਰਿਤਸਰ ਨੂੰ ਤੁਰ ਪਿਆ। ਕੁਦਰਤੀ ਹੀ ਸ: ਸੰਧੂ ਘਰ ਹੀ ਮਿਲ਼ ਪਿਆ। ਬਾਹਰ ਲਾਨ 'ਚ ਖਲੋਤਿਆਂ ਹੀ ਉਸ ਨੇ ਹਾਲ ਪਾਹਰਿਆ ਪਾਉਣ ਵਾਂਗ ਕਿਹਾ :- "ਕਿਸੇ ਵੀ ਤਰ੍ਹਾਂ ਆਪਣਾ ਬਚਾਅ ਕਰ ਲਉ। ਸਮਾਂ ਘੱਟ ਆ।"

ਹਰਮਿੰਦਰ ਸਿੰਘ ਸੰਧੂ ਆਪਣੀ ਆਦਤ ਅਨੁਸਾਰ ਅੰਦਰਲੀ ਪੀੜ ਦੱਬ ਕੇ ਮੁਸਕਰਾਇਆ। ਇਹ ਵੇਖ ਕੇ ਗੁਰਿੰਦਰ ਸਿੰਘ ਚੇਲੇਕੇ ਨੇ ਆਖਿਆ:- "ਤੁਸੀਂ ਗੱਲ ਨੂੰ ਸੀਰੀਅਸ ਨਹੀਂ ਲੈ ਰਹੇ, ਸਮਾਂ ਲੰਘ ਰਿਹਾ, ਆਪਾਂ ਨੂੰ ਹੁਣ ਏਥੇ ਖਲੋਤਿਆਂ ਨੂੰ ਵੀ ਗੋਲ਼ੀ ਵੱਜ ਸਕਦੀ ਆ।"

ਸ: ਹਰਮਿੰਦਰ ਸਿੰਘ ਸੰਧੂ ਇੱਕ ਵਾਰ ਫਿਰ ਅੰਦਰਲੀ ਚੀਸ ਨੂੰ ਦੱਬ ਕੇ ਮੁਸਕਰਾਇਆ ਅਤੇ ਕਹਿਣ ਲੱਗਾ :- "ਜੇ ਮੈਨੂੰ ਮਾਰ ਕੇ ਛੇਤੀ ਖਾਲਿਸਤਾਨ ਬਣਦੈ ਤਾਂ ਬਣਾ ਲੈਣ ਫੇਰ।"

ਉਸ ਦਾ ਇਹ ਮਿੱਠਾ ਜਿਹਾ ਸ਼ਿਕਵਾ ਸੀ ਆਪਣਿਆਂ ਦੇ ਨਾਲ਼, ਪਰ ਨੇੜਲੇ ਸਾਥੀਆਂ ਅਤੇ ਸ਼ੁੱਭ ਚਿੰਤਕਾਂ ਵੱਲੋਂ ਵਾਰ ਵਾਰ ਜ਼ੋਰ ਪਾਏ ਜਾਣ ਦੇ ਬਾਵਜੂਦ ਉਹ ਸਰਕਾਰੀ ਸੁਰੱਖਿਆ ਲੈਣ ਲਈ ਨਾ ਮੰਨਿਆ। ਉਸ ਦਾ ਕਹਿਣਾ ਸੀ :- "ਸਿੱਖਾਂ ਦੀ ਕਾਤਲ ਸਰਕਾਰ ਤੋਂ ਸੁਰੱਖਿਆ ਲੈ ਕੇ ਜੇ ਸਰੀਰ ਨੂੰ ਜਿਊਂਦਾ ਰੱਖ ਵੀ ਲਿਆ ਤਾਂ ਜ਼ਮੀਰ ਮਰ ਜਾਵੇਗੀ।"

ਸਰਕਾਰੀ ਸੁਰੱਖਿਆ ਨਾ ਲੈਣ ਸੰਬੰਧੀ ਸ: ਸੰਧੂ ਦਾ ਇਹ ਸਟੈਂਡ ਦ੍ਰਿੜ੍ਹ ਅਤੇ ਸਪਸ਼ਟ ਸੀ, ਜਿਸ ਤੋਂ ਉਹ ਆਖ਼ਰੀ ਸਾਹ ਤਕ ਨਾ ਥਿੜਕਿਆ। ਹੁਣ ਸੋਚਣਾ ਬਣਦਾ ਹੈ ਕਿ ਇੱਕ ਪਾਸੇ ਇਹ ਰੌਸ਼ਨ ਦਿਮਾਗ ਤੇ ਜਿਊਂਦੀ ਜਾਗਦੀ ਜ਼ਮੀਰ ਹੈ ਜੋ ਭਰਾਵਾਂ ਦੇ ਰੂਪ ਵਿੱਚ ਆਪਣੇ ਵੱਲ ਕਦਮ ਦਰ ਕਦਮ ਵਧਦੇ ਆ ਰਹੇ ਕਾਤਲਾਂ ਦੀ ਪੈੜ ਚਾਲ ਨੂੰ ਸੁਣਦਾ ਹੋਇਆ ਵੀ ਸਰਕਾਰ ਤੋਂ ਸੁਰੱਖਿਆ ਲੈਣੀ ਪ੍ਰਵਾਨ ਨਹੀਂ ਕਰ ਰਿਹਾ, ਇਹ ਆਖ ਕੇ ਕਿ ਸਰਕਾਰ ਸਿੱਖਾਂ ਦੀ ਕਾਤਲ ਹੈ, ਮੇਰੇ ਵੀਰ ਮੈਨੂੰ ਮਾਰਦੇ ਹਨ ਤਾਂ ਬੇਸ਼ੱਕ ਮਾਰ ਦੇਣ।

ਦੂਜੇ ਪਾਸੇ ਉਸ ਦੇ ਕਾਤਲਾਂ ਦੀ ਸੋਚ ਦਾ ਵੀ ਅੰਦਾਜ਼ਾ ਲਾਉਣ ਦੀ ਲੋੜ ਹੈ। ਅਜਿਹੇ ਵਿਰੋਧੀ ਹਾਲਾਤ ਵਿੱਚ ਉਸ ਪੰਥ ਦੇ ਰੌਸ਼ਨ ਦਿਮਾਗ਼ ਨੂੰ ਨਿਹੱਥੇ ਬੈਠੇ ਨੂੰ ਅਤੇ ਉਹ ਵੀ ਧੋਖੇ ਨਾਲ਼ ਵਿਸਾਹ ਕੇ ਪਿੱਠ ਪਿੱਛੇ ਖਲ੍ਹੋ ਕੇ ਸਿਰ ਵਿੱਚ ਗੋਲ਼ੀਆਂ ਮਾਰਨ ਵਾਲ਼ਿਆਂ ਦੀ ਇਹ ਕਿੰਨੀ ਕੁ ਵੱਡੀ ਸੂਰਮਗਤੀ ਸੀ ਭਲਾ ? ਕੀ ਇਸ ਸੂਰਮਗਤੀ ਤੇ ਉਹ ਤੇ ਉਹਨਾਂ ਦੇ ਹਮਾਇਤੀ ਅੱਜ ਵੀ ਮਾਣ ਕਰਦੇ ਹਨ ?

ਆਪਣੇ ਦੁਆਲ਼ੇ ਬੁਣੇ ਜਾ ਚੁੱਕੇ ਸਾਜ਼ਿਸ਼ ਦੇ ਚੱਕਰਵਿਊ ਨੂੰ ਸਾਫ਼ ਸਾਫ਼ ਮਹਿਸੂਸ ਕਰਦਿਆਂ ਵੀ ਆਪਣੀ ਜਾਨ ਬਚਾਉਣ ਲਈ ਸਰਕਾਰ ਤੋਂ ਸੁਰੱਖਿਆ ਨਾ ਲੈਣ ਦਾ ਦ੍ਰਿੜ੍ਹ ਇਰਾਦਾ ਸ: ਹਰਮਿੰਦਰ ਸਿੰਘ ਸੰਧੂ ਨੂੰ ਸ਼ਹੀਦਾਂ ਦੀ ਕਤਾਰ ਵਿੱਚ ਖੜ੍ਹਾ ਕਰਦਾ ਹੈ, ਕਿਉਂਕਿ ਸਿਰਦਾਰ ਕਪੂਰ ਸਿੰਘ ਦੇ ਸ਼ਬਦਾਂ ਵਿੱਚ ਜੋ ਮੌਤ ਨੂੰ ਸਾਮ੍ਹਣੇ ਵੇਖ ਕੇ ਵੀ ਜਾਨ ਬਚਾਉਣ ਲਈ ਆਪਣਾ ਅਕੀਦਾ ਨਹੀਂ ਛੱਡਦਾ, ਉਹ ਸ਼ਹੀਦ ਹੁੰਦਾ ਹੈ।

(ਕਿਤਾਬ 'ਰੌਸ਼ਨ ਦਿਮਾਗ', ਪੰਨਾ 431)



ਸਿੰਘ ਸਾਹਿਬ ਭਾਈ ਜਗਤਾਰ ਸਿੰਘ ਹਵਾਰਾ ਤਕ ਵੀ ਕਿਤਾਬ 'ਰੌਸ਼ਨ ਦਿਮਾਗ਼' ਨਹੀਂ ਪਹੁੰਚਣ ਦਿੱਤੀ ਗਈ

ਅੱਜ ਦੇ ਦਿਨ 24 ਜਨਵਰੀ 1990 ਨੂੰ ਸਿੱਖ ਕੌਮ ਦੇ ਰੌਸ਼ਨ ਦਿਮਾਗ ਆਗੂ ਭਾਈ ਹਰਮਿੰਦਰ ਸਿੰਘ ਸੰਧੂ ਨੂੰ ਵਿਸਾਹਘਾਤੀਆਂ ਦੀ ਸਾਜ਼ਿਸ਼ ਰਾਹੀਂ ਸਿੱਖ ਕੌਮ ਕੋਲ਼ੋਂ ਖੋਹ ਲਿਆ ਗਿਆ ਸੀ। ਉਸ ਯੋਧੇ ਤੇ ਲਿਖੀ ਕਿਤਾਬ 'ਰੌਸ਼ਨ ਦਿਮਾਗ ਨੂੰ ਪੰਥ ਵੱਲੋਂ ਭਰਪੂਰ' ਹੁੰਗਾਰਾ ਪ੍ਰਾਪਤ ਹੋਇਆ। ਤਸਵੀਰ ਵਿੱਚ ਭਾਈ ਅੰਮ੍ਰਿਤਪਾਲ ਸਿੰਘ ਦੇ ਹੱਥ ਵਿੱਚ 'ਵੰਗਾਰ' ਮੈਗਜ਼ੀਨ ਦੀ ਉਹ ਕਾਪੀ ਹੈ, ਜਿਸ ਉੱਤੇ ਛਪ ਰਹੀ ਕਿਤਾਬ 'ਰੌਸ਼ਨ ਦਿਮਾਗ' ਦੀ ਐਡ ਸੀ। ਡਿਬਰੂਗੜ੍ਹ ਜੇਲ੍ਹ ਅੰਦਰ ਭਾਈ ਅੰਮ੍ਰਿਤਪਾਲ ਸਿੰਘ ਅਤੇ ਸਾਥੀ ਸਿੰਘਾਂ ਤਕ ਹੋਰ ਕਿਤਾਬਾਂ ਤਾਂ ਜਾਣ ਦਿੱਤੀਆਂ ਜਾਂਦੀਆਂ ਹਨ, ਪਰ 'ਰੌਸ਼ਨ ਦਿਮਾਗ' ਕਿਤਾਬ ਜੇਲ੍ਹ ਪ੍ਰਸ਼ਾਸਨ ਵੱਲੋਂ ਅੰਦਰ ਨਹੀਂ ਜਾਣ ਦਿੱਤੀ ਗਈ ਅਤੇ ਵਾਪਸ ਮੋੜ ਦਿੱਤੀ ਗਈ। ਸਿੰਘ ਸਾਹਿਬ ਭਾਈ ਜਗਤਾਰ ਸਿੰਘ ਹਵਾਰਾ ਤਕ ਵੀ ਇਹ ਕਿਤਾਬ ਨਹੀਂ ਪਹੁੰਚਣ ਦਿੱਤੀ ਗਈ।

-ਬਲਜੀਤ ਸਿੰਘ ਖ਼ਾਲਸਾ

ਘੜੀਐ ਸਬਦੁ ਸਚੀ ਟਕਸਾਲ ।।

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ ।।

ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

Gurdwara Sahib Shaeed Baba Deep Singh ji Casalmorano Cremona (Italy)

ਮਹਾਨ ਗੁਰਮਤਿ ਸਮਾਗਮ

☛ ਜਨਮ ਦਿਹਾੜਾ ਭਾਈ ਹਿੰਮਤ ਸਿੰਘ ਸਾਹਿਬ ਜੀ। ☛ ਸਲਾਨਾ ਬਰਸੀ ਸੰਤ ਬਾਬਾ ਅਤਰ ਸਿੰਘ ਸਾਹਿਬ ਰਾੜਾ ਸਾਹਿਬ ਵਾਲੇ। ☛ ਸਲਾਨਾ ਬਰਸੀ ਸੰਤ ਬਾਬਾ ਸੇਵਾ ਸਿੰਘ ਕਾਰ ਸੇਵਾ ਸ਼੍ਰੀ ਅਨੰਦਪੁਰ ਸਾਹਿਬ ਜੀ ਨੂੰ ਸਮਰਪਿਤ ਗੁਰਮਿਤ ਸਮਾਗਮ ਕਰਵਾਏ ਜਾ ਰਹੇ ਹਨ।

ਸ਼ਨਿੱਚਰਵਾਰ 24 ਜਨਵਰੀ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸੱਜਣਗੇ।

ਐਤਵਾਰ 25 ਜਨਵਰੀ 2026 ਨੂੰ 6:30 ਵਜੇ ਸਵੇਰੇ ਚੌਪੈਹਿਰੇ ਸਾਹਿਬ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9:30 ਵਜੇ ਭੋਗ ਪੈਣਗੇ ਉਪਰੰਤ 12 :30 ਵਜੇ ਤੱਕ ਦੀਵਾਨ ਸੱਜਣਗੇ।

ਕੀਰਤਨੀ ਜਥਾ ਰਾਗੀ ਭਾਈ ਹਰਜ਼ਸਨ ਸਿੰਘ ਜੀ ਹਜ਼ੂਰੀ ਜਥਾ ਗੁ: ਬਾਬਾ ਦੀਪ ਸਿੰਘ ਸਾਹਿਬ ਜੀ ਕਾਜਲਮੋਰਾਨੋ ਵਾਲੇ ਕੀਰਤਨ ਰਾਹੀਂ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਨਾਲ ਸਿੱਖ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

ਸਾਧ ਸੰਗਤ, ਪ੍ਰਬੰਧਕ ਕਮੇਟੀ

ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ।
☛ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

Gurdwara Sahib Shaeed Baba Deep Singh ji Damdami Taksaal

Via Giacomo Matteotti 3Cap 26020Casalmorano Cremona (IT)

E-mail : gur.damdamitaksaalitaly@gmail.com

Call+393475711755 / 3208124778

ਅੰਤਿਮ ਪੜਾਅ ਵੱਲ ਵਧ ਰਿਹਾ ਏਕ ਨੂਰ ਸਵੈ ਸੇਵੀ ਸੰਸਥਾ ਪਠਲਾਵਾ ਦਾ

28 ਵਾਂ ਸਲਾਨਾ ਸਹਾਇਤਾ ਵੰਡ ਸਮਾਗਮ ਅਤੇ ਸਨਮਾਨ ਸਮਾਰੋਹ

ਪੌਣੇ ਤਿੰਨ ਦਹਾਕਿਆਂ ਤੋਂ ਸਮਾਜ ਸੇਵਾ ਦੇ ਖੇਤਰ ਵਿਚ ਨਿਵੇਕਲੀਆਂ ਪੈੜਾਂ ਨੂੰ ਕਾਮਯਾਬੀ ਨਾਲ ਅੰਜ਼ਾਮ ਦੇਣ ਵਾਲੀ ਪੰਜਾਬ ਦੀ ਮਾਣਮੱਤੀ ਸੰਸਥਾ ,ਏਕ ਨੂਰ ਸਵੈ ਸੇਵੀ ਸੰਸਥਾ ਪਠਲਾਵਾ ਵਲੋਂ ਆਪਣੇ 28 ਵੇਂ ਸਲਾਨਾਂ ਸਹਾਇਤਾ ਵੰਡ ਸਮਾਗਮ ਅਤੇ ਸਨਮਾਨ ਸਮਾਰੋਹ 11 ਫਰਵਰੀ ਦਿਨ ਬੁੱਧਵਾਰ ਨੂੰ ਦੀਆਂ ਤਿਆਰੀਆਂ ਨੂੰ ਅੰਤਿਮ ਪੜਾਵਾਂ ਵੱਲ ਲਿਜਾਣ ਲਈ ਬੜੀ ਸਰਗਰਮੀ ਨਾਲ ਕੰਮ ਕਰ ਰਹੀ ਹੈ। ਸੰਸਥਾ ਦੇ ਇਸ ਸਮਾਗਮ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਸੰਸਥਾ ਦੇ ਚੇਅਰਮੈਨ ਸ ਇੰਦਰਜੀਤ ਸਿੰਘ ਵਾਰੀਆ, ਪ੍ਰਧਾਨ ਪਰਮਜੀਤ ਸਿੰਘ ਸੂਰਾਪੁਰ, ਸਰਪ੍ਰਸਤ ਸ ਬਲਵੀਰ ਸਿੰਘ ਐਕਸ ਆਰਮੀ ਸਾਹਿਬ, ਧਾਰਮਿਕ ਵਿੰਗ ਦੇ ਮੁਖੀ ਜਥੇਦਾਰ ਸਵਰਨਜੀਤ ਸਿੰਘ, ਕਾਰਜਕਾਰੀ ਪ੍ਰਧਾਨ ਸ ਬਲਵੀਰ ਸਿੰਘ ਯੂ ਕੇ,ਸੰਦੀਪ ਗੌਂਡ, ਜਨਰਲ ਸਕੱਤਰ ਮਾ ਤਰਲੋਚਨ ਸਿੰਘ ਪਠਲਾਵਾ, ਡਾਕਟਰ ਪਰਮਿੰਦਰ ਸਿੰਘ ਵਾਰੀਆ,ਅਤੇ ਸੰਸਥਾ ਦੇ ਮੁੱਖ ਬੁਲਾਰੇ ਲੈਕਚਰਾਰ ਤਰਸੇਮ ਪਠਲਾਵਾ ਨੇ ਇਕ ਅਵਾਜ਼ ਵਿਚ ਆਖਿਆ ਕਿ ਇਹ ਸਮਾਗਮ ਨੌਵੇਂ ਪਾਤਸ਼ਾਹ ਧੰਨ ਧੰਨ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਤਹਿਸੀਲ ਗੜ੍ਹਸ਼ੰਕਰ ਦੇ ਪਿੰਡ ਐਮਾਂ ਜੱਟਾਂ ਵਿਖੇ ਮਿਡਲ ਸਕੂਲ ਦੀ ਗਰਾਊਂਡ ਵਿਚ, ਵਗਦੀ ਬਿਸਤ ਦੁਆਬ ਨਹਿਰ ਦੇ ਨਾਲ ਹੋਵੇਗਾ। ਸਮਾਗਮ ਦਾ ਉਦਘਾਟਨ ਸ਼੍ਰੀ ਮਾਨ 108 ਬ੍ਰਹਮ ਗਿਆਨੀ ਸੰਤ ਬਾਬਾ ਘਨ੍ਹਈਆ ਜੀ ਗੁਰਦੁਆਰਾ ਨਿਰਮਲ ਬੁੰਗਾ ਪਠਲਾਵਾ ਦੇ ਅਸਥਾਨੀ ਮਹਾਂ ਪੁਰਸ਼, ਸੰਤ ਬਾਬਾ ਗੁਰਬਚਨ ਸਿੰਘ ਜੀ ਪਠਲਾਵੇ ਵਾਲੇ ਅਤੇ ਯੋਗੀ ਦੇਵੀ ਨਾਥ ਐਮਾਂ ਜੱਟਾਂ ਵਲੋਂ ਕੀਤਾ ਜਾਵੇਗਾ । ਇਸ ਸਮਾਗਮ ਦੇ ਮੁੱਖ ਮਹਿਮਾਨ ਸ ਜਗਤਾਰ ਸਿੰਘ ,ਸਟੇਟ ਟੈਕਸ ਅਫਸਰ ਹੁਸ਼ਿਆਰਪੁਰ ਹੋਣਗੇ। ਸਿੱਖ ਵਿਦਵਾਨ ਗਿਆਨੀ ਬਲਕਾਰ ਸਿੰਘ, ਦਮਦਮੀ ਟਕਸਾਲ ਵਾਲੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਉਹਨਾਂ ਦੁਆਰਾ ਰਚੀ ਗੁਰਬਾਣੀ ਅਤੇ ਸ਼ਹੀਦੀ ਦੇ ਕਾਰਣਾਂ ਦੀ ਸਾਂਝ ਵਿਸਥਾਰ ਸਹਿਤ ਸੰਗਤਾਂ ਨਾਲ ਸਾਂਝੀ ਕਰਨਗੇ। ਸਮਾਜ ਸੇਵਾ ਦੇ ਖ਼ੇਤਰ ਵਿਚ ਨਿਵੇਕਲੀ ਪਛਾਣ ਬਣਾ ਕੇ ਚਲ ਰਹੇ ਸਮਾਜ ਸੇਵੀ ਅਤੇ ਸੰਸਥਾਵਾ ਦਾ ਸਨਮਾਨ ਕਰਨ ਵਾਲਿਆਂ ਵਿਚ ,ਮੇਜ਼ਰ ਮਨਦੀਪ ਸਿੰਘ ਵੈਲਫੇਅਰ ਸੁਸਾਇਟੀ ਨਵਾਂ, ਸ ਕੁਲਵਿੰਦਰ ਸਿੰਘ ਢਾਹਾਂ, ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜ਼ੂਕੇਸ਼ਨਲ ਟਰੱਸਟ ਢਾਹਾਂ,ਡਾ ਕਸ਼ਮੀਰ ਚੰਦ ਸਰਜੀਕਲ ਸਪੈਸ਼ਿਲਸਟ,ਐਮ ਦੇ ਲਾਈਫ ਹਸਪਤਾਲ ਬੰਗਾ , ਡਾਕਟਰ ਨਿਰਮਲ ਕੁਮਾਰ ਐਸ ਐਮ ਓ ਬੀਣੇਵਾਲ, ਪ੍ਰਿੰਸੀਪਲ ਜਗਮੋਹਣ ਸਿੰਘ ਢਾਡੀਆਂ,ਡਾ ਧਰਮਜੀਤ ਸਿੰਘ ਵਾਈਸ ਚਾਂਸਲਰ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ,ਅਤੇ ਪ੍ਰਸਿੱਧ ਕਾਲਮ ਨਵੀਸ ਅਤੇ ਪੱਤਰਕਾਰ ਐਸ ਅਸ਼ੋਕ ਭੌਰਾ ਉਚੇਚੇ ਤੌਰ ਤੇ ਸ਼ਾਮਿਲ ਹੋਣਗੇ। ਬੁਲਾਰਿਆਂ ਨੇ ਅੱਗੇ ਦੱਸਿਆ ਕਿ, ਪਦਮਸ਼੍ਰੀ ਮਾਤਾ ਪ੍ਰਕਾਸ਼ ਕੌਰ ਜੀ ਯੂਨੀਕ ਹੋਮ ਜਲੰਧਰ, ਸ ਅਮਰੀਕ ਸਿੰਘ ਨਿਸ਼ਕਾਮ ਟਿਫਨ ਸੇਵਾ ਸਾਸਾਇਟੀ ਗੁਰੂ ਕੀ ਰਸੋਈ ਨਵਾਂ ਸ਼ਹਿਰ, ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ, ਮੈਂਬਰ ਐਸ ਜੀ ਪੀ ਸੀ ,ਅਤੇ ਮੁੱਖ ਬੁਲਾਰੇ ਇੰਟਰਨੈਸ਼ਨਲ ਪੰਥਕ ਦਲ, ਸ ਸੁਰਜੀਤ ਸਿੰਘ ਮੁਖ ਪ੍ਰਬੰਧਕ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਨਵਾਂ ਸ਼ਹਿਰ, ,ਹਰਸੇਵਾ ਮੈਡੀਕਲ ਟਰੱਸਟ ਯੂ ਕੇ ਮੋਰਾਂਵਾਲੀ, ਉਪਕਾਰ ਕੌਆਰਡੀਨੇਸ਼ਨ ਸੁਸਾਇਟੀ ਅਤੇ ਬੀ ਡੀ ਸੀ ਨਵਾਂ ਸ਼ਹਿਰ, ਮਾਤਾ ਅਮਰ ਕੌਰ ਚਰਨ ਕੌਰ ਵੈਲਫੇਅਰ ਸੁਸਾਇਟੀ ਭੂੰਗਰਨੀ, ਲੈਕਚਰਾਰ ਰਜਿੰਦਰ ਕੁਮਾਰ ਸ਼ਰਮਾ ਬੰਗਾ ,ਸਮਾਜ ਭਲਾਈ ਸਵੈ ਸੇਵੀ ਸੰਸਥਾ ਸੁੱਜੋ , ਗੁਰੂ ਨਾਨਕ ਮਿਸ਼ਨ ਇੰਟਰਨੈਸ਼ਨਲ ਚੈਰੀਟੇਬਲ ਹਸਪਤਾਲ ਕੁੱਲਪੁਰ, ਜਤਿੰਦਰ ਸਿੰਘ ਲਾਡੀ, ਸਬ ਦਾ ਭਲਾ ਚੈਰੀਟੇਬਲ ਹਸਪਤਾਲ ਸ਼ਿਕਾਰ ਮਾਛੀਆਂ ਗੁਰਦਾਸਪੁਰ, ਰਵਿੰਦਰ ਕੌਰ ਕੈਨੇਡਾ, ਸੁਰਿੰਦਰ ਸਿੰਘ ਯੂ ਕੇ ਐਮਾਂ ਜਟਾਂ, ਡਾ ਪਰਮਿੰਦਰ ਸਿੰਘ, ਪ੍ਰਿੰਸੀਪਲ ਸ਼੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ,ਡਾ ਤਰਸੇਮ ਸਿੰਘ ਭਿੰਡਰ ਪ੍ਰਿੰਸੀਪਲ ਐਸ ਐਨ ਕਾਰਜ ਬੰਗਾ ਅਤੇ ਸ਼੍ਰੀ ਯੋਗਰਾਜ ਡਾਇਰੈਕਟਰ ਫਾਈਨਾਸੀਅਲ ਐਡਵਾਈਜਰ ਮਨਿਸਟਰੀ ਆਫ ਕਮਿਊਨੀਕੇਸ਼ਨ ਭਾਰਤ ਸਰਕਾਰ ਵਿਸ਼ੇਸ਼ ਮਹਿਮਾਨ ਹੋਣਗੇ। ਅਜ਼ਾਦ ਰੰਗ ਮੰਚ ਰਜਿ ਕਲਾ ਭਵਨ ਫਗਵਾੜਾ ਵਲੋਂ ਬੀਬਾ ਕੁਲਵੰਤ ਦੀ ਨਿਰਦੇਸ਼ਨਾਂ ਹੇਠ ਤਿਆਰ ਕੀਤਾ ਨਾਟਕ , ਗੁਰੂ ਤੇਗ ਬਹਾਦਰ ਬੋਲਿਆ ਦੀ ਖੂਬਸੂਰਤ ਪੇਸ਼ਕਾਰੀ ਕੀਤੀ ਜਾਵੇਗੀ।

ਲੋੜਵੰਦ ਸਮਾਜ ਦੀਆਂ ਬਹੂ ਬੇਟੀਆਂ ਨੂੰ ਰੁਜ਼ਗਾਰ ਨਾਲ ਜੋੜਨ ਹਿਤ ਸਿਲਾਈ ਮਸ਼ੀਨਾਂ ਅਤੇ ਸਰੀਰਕ ਤੌਰ ਤੇ ਅਪੰਗ ਵਿਅਕਤੀਆਂ ਨੂੰ ਟਰਾਈਸਾਈਕਲ/ ਵੀਹਲ ਚੇਅਰਾਂ ਦੀ ਵੰਡ ਕੀਤੀ ਜਾਵੇਗੀ। ਸ ਇੰਦਰਜੀਤ ਸਿੰਘ ਵਾਰੀਆ ਨੇ ਆਖਿਆ ਕਿ ਧਾਰਮਿਕ ਕਿਤਾਬਾਂ ਦਾ ਲੰਗਰ ਸਮਾਗਮ ਦਾ ਵਿਸ਼ੇਸ਼ ਆਕਰਸ਼ਨ ਹੋਵੇਗਾ । ਸੰਗਤਾਂ ਵਾਸਤੇ ਚਾਹ ਪਕੌੜੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ ਜਾਵੇਗਾ । ਵਾਤਾਵਰਨ ਦੀ ਸ਼ੁੱਧਤਾ ਅਤੇ ਸੰਸਥਾ ਦੇ ਯੂਨੀਕ ਪਰੋਜੈਕਟ ਸਾਂਝੀਆਂ ਛਾਵਾਂ ਤਹਿਤ ਫਲਦਾਰ ਅਤੇ ਸਜਾਵਟੀ ਬੂਟਿਆਂ ਦਾ ਲੰਗਰ ਵੀ ਸਮਾਗਮ ਦਾ ਹਿਸਾ ਹੋਵੇਗਾ। ਇਸ ਅਵਸਰ ਤੇ ਹੋਰਨਾਂ ਤੋਂ ਇਲਾਵਾ ਸੰਸਥਾ ਦੇ ਉਪ ਚੇਅਰਮੈਨ ਸ ਅਮਰਜੀਤ ਸਿੰਘ ਸੂਰਾਪੁਰ, ਪਰਵਿੰਦਰ ਸਿੰਘ ਰਾਣਾ, ਪ੍ਰੋ ਚਰਨਜੀਤ ਸਿੰਘ ਪੋਸੀ, ਆਤਮਾਂ ਸਿੰਘ ਸੂਰਾਪੁਰ, ਮਾਸਟਰ ਰਮੇਸ਼ ਕੁਮਾਰ ਪਠਲਾਵਾ, ਸਤੀਸ਼ ਕੁਮਾਰ ਐਮਾਂ ਜਟਾਂ, ਮੀਡੀਆ ਇੰਚਾਰਜ ਹਰਜੀਤ ਸਿੰਘ ਜੀਤਾ, ਬਲਜੀਤ ਸਿੰਘ ਪਠਲਾਵਾ, ਕੈਪਟਨ ਜੋਗਾ ਸਿੰਘ, ਡਾਕਟਰ ਕੁਲਦੀਪ ਰਾਜ ਬੰਗਾ, ਰਜਿੰਦਰ ਸਿੰਘ ਜਿੰਦਾ, ਪ੍ਰੈਸ ਸਕੱਤਰ ਮਾ ਸੁਰਿੰਦਰ ਸਿੰਘ ਕਰਮ ,ਜੀ ਚੰਨੀ ਪਠਲਾਵਾ, ਸੇਵਾ ਸਿੰਘ ਪਠਲਾਵਾ ਉਚੇਚੇ ਤੌਰ ਤੇ ਹਾਜਰ ਸਨ।

-ਰਿਪੋਰਟ ਹਰਪ੍ਰੀਤ ਸਿੰਘ ਪਠਲਾਵਾ

ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਰਾਜਨੀਤਿਕ ਮਾਮਲਿਆਂ ਬਾਰੇ PAC ਕਮੇਟੀ ਦਾ ਗਠਨ

ਅੰਮ੍ਰਿਤਸਰ 23 ਜਨਵਰੀ (ਆਵਾਜ਼ਿ ਕੌਮ ਬਿਊਰੋ)-ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਅੱਜ ਪਾਰਟੀ ਦੀ ਸਿਆਸੀ ਦਿਸ਼ਾ, ਨੀਤੀਆਂ ਅਤੇ ਮਹੱਤਵਪੂਰਨ ਰਾਜਨੀਤਿਕ ਮਾਮਲਿਆਂ 'ਤੇ ਵਿਚਾਰ, ਸਮੀਖਿਆ ਅਤੇ ਫੈਸਲੇ ਲਈ ਰਾਜਨੀਤਿਕ ਮਾਮਲਿਆਂ ਬਾਰੇ PAC (Political Affairs Committee) ਕਮੇਟੀ ਦਾ ਗਠਨ ਕੀਤਾ ਗਿਆ। ਪਾਰਟੀ ਨੇ ਕਿਹਾ ਕਿ ਇਹ ਕਮੇਟੀ ਮੌਜੂਦਾ ਸਿਆਸੀ ਹਾਲਾਤਾਂ, ਲੋਕਾਂ ਨਾਲ ਜੁੜੇ ਮੁੱਦਿਆਂ, ਸਰਕਾਰ ਦੀਆਂ ਨੀਤੀਆਂ ਅਤੇ ਪਾਰਟੀ ਦੀ ਅਗਲੀ ਰਣਨੀਤੀ ਸਬੰਧੀ ਅਹਿਮ ਸੁਝਾਅ ਦੇਵੇਗੀ। ਪਾਰਟੀ ਨੇ ਦੱਸਿਆ ਕਿ PAC ਕਮੇਟੀ ਸਮੇਂ-ਸਮੇਂ 'ਤੇ ਰਾਜਨੀਤਿਕ ਸਥਿਤੀ ਦੀ ਸਮੀਖਿਆ ਕਰੇਗੀ ਅਤੇ ਆਪਣੇ ਸੁਝਾਅ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਅੱਗੇ ਪੇਸ਼ ਕਰੇਗੀ, ਤਾਂ ਜੋ ਪਾਰਟੀ ਦੇ ਫੈਸਲੇ ਇਕਸਾਰ, ਮਜ਼ਬੂਤ ਅਤੇ ਲੋਕ-ਹਿੱਤ ਵਿੱਚ ਹੋਣ। ਕਿਸੇ ਵੀ ਅਹਿਮ ਰਾਜਨੀਤਿਕ ਮਸਲੇ 'ਤੇ ਪਾਰਟੀ ਵੱਲੋਂ ਲਏ ਜਾਣ ਵਾਲੇ ਫੈਸਲਿਆਂ ਵਿੱਚ ਵੀ ਇਹ ਕਮੇਟੀ ਅਹਿਮ ਭੂਮਿਕਾ ਨਿਭਾਏਗੀ। ਪਾਰਟੀ ਨੇ ਸਪਸ਼ਟ ਕੀਤਾ ਕਿ ਅਕਾਲੀ ਦਲ ਵਾਰਿਸ ਪੰਜਾਬ ਦੇ ਲੋਕ-ਹਿੱਤੀ, ਇਨਸਾਫ਼ਪਸੰਦ ਅਤੇ ਜਵਾਬਦੇਹ ਰਾਜਨੀਤੀ 'ਤੇ ਪੂਰਾ ਵਿਸ਼ਵਾਸ ਕਰਦਾ ਹੈ ਅਤੇ ਰਾਜਨੀਤਿਕ ਮਾਮਲਿਆਂ ਬਾਰੇ PAC ਕਮੇਟੀ ਦਾ ਗਠਨ ਉਸੇ ਸੋਚ ਦਾ ਪ੍ਰਗਟਾਵਾ ਹੈ। ਪਾਰਟੀ ਦਾ ਮੰਨਣਾ ਹੈ ਕਿ ਸੁਚੱਜੀ ਸਿਆਸੀ ਯੋਜਨਾ ਅਤੇ ਸਾਂਝੇ ਫੈਸਲਿਆਂ ਨਾਲ ਹੀ ਸੰਘਰਸ਼ ਨੂੰ ਮਜ਼ਬੂਤੀ ਮਿਲਦੀ ਹੈ। PAC ਕਮੇਟੀ ਵਿੱਚ ਸ. ਬਾਬੂ ਸਿੰਘ ਬਰਾੜ, ਸ ਲੱਖਾ ਸਿੰਘ ਸਿਧਾਣਾ ,ਸ. ਜਸਕਰਨ ਸਿੰਘ ਕਾਹਨਸਿੰਘ ਵਾਲਾ, ਸ. ਪਰਮਜੀਤ ਸਿੰਘ ਜੌਹਲ, ਸ. ਦਲੇਰ ਸਿੰਘ ਡੋਡ ਐਡ. ਹਰਜੋਤ ਸਿੰਘ ਮਾਨ ਅਤੇ ਸ. ਪ੍ਰਗਟ ਸਿੰਘ ਨੂੰ ਉਹਨਾਂ ਦੀ ਪਾਰਟੀ ਪ੍ਰਤੀ ਵਚਨਬੱਧਤਾ, ਤਜ਼ਰਬੇ ਅਤੇ ਸਿਆਸੀ ਸਮਝ ਨੂੰ ਮੱਦੇ-ਨਜ਼ਰ ਰੱਖਦਿਆਂ ਮੈਂਬਰ ਥਾਪਿਆ ਗਿਆ। ਪਾਰਟੀ ਨੇ ਆਸ ਜਤਾਈ ਕਿ ਇਹ ਕਮੇਟੀ ਪੂਰੀ ਇਮਾਨਦਾਰੀ ਅਤੇ ਜ਼ਿੰਮੇਵਾਰੀ ਨਾਲ ਆਪਣਾ ਫਰਜ਼ ਨਿਭਾਏਗੀ ਅਤੇ ਪਾਰਟੀ ਦੀ ਰਾਜਨੀਤਿਕ ਲੜਾਈ ਨੂੰ ਹੋਰ ਮਜ਼ਬੂਤ ਬਣਾਏਗੀ।

ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ 27 ਜਨਵਰੀ ਨੂੰ ਪਿੰਡ ਅਤਲਾ ਖੁਰਦ ਵਿਖੇ ਮਨਾਏ ਜਾ ਰਹੇ ਗੁਰਮਤਿ ਸਮਾਗਮ ਦੀਆਂ ਤਿਆਰੀਆਂ ਹੋਈਆਂ ਮੁਕੰਮਲ : ਭਾਈ ਅਤਲਾ

ਨਵੀਂ ਦਿੱਲੀ, 23 ਜਨਵਰੀ (ਮਨਪ੍ਰੀਤ ਸਿੰਘ ਖਾਲਸਾ):– ਸਿੱਖ ਇਤਿਹਾਸ 'ਚ ਅਣਗਿਣਤ ਸ਼ਹੀਦ ਹੋਏ ਨੇ ਜਿਨ੍ਹਾਂ ਨੇ ਮਨੁੱਖਤਾ ਦੀ ਖਾਤਰ ਵਿੱਢੀ ਜੰਗ 'ਚ ਆਪਣਾ ਜੀਵਨ ਕੁਰਬਾਨ ਕਰ ਦਿੱਤਾ। ਸ਼ਹੀਦ ਬਾਬਾ ਦੀਪ ਸਿੰਘ ਸੇਵਾ ਦਲ (ਪੰਜਾਬ) ਦੇ ਮੁੱਖ ਭਾਈ ਸੁਖਚੈਨ ਸਿੰਘ ਅਤਲਾ ਨੇ ਦਸਿਆ ਬਾਬਾ ਦੀਪ ਸਿੰਘ ਜੀ ਦਾ ਨਾਂ ਉਨ੍ਹਾਂ ਮਹਾਨ ਸ਼ਹੀਦਾਂ ਦੀ ਕਤਾਰ ਵਿੱਚ ਆਉਂਦਾ ਹੈ, ਜਿਨ੍ਹਾਂ ਦੇ ਇਰਾਦੇ ਤੇ ਵਿਚਾਰ ਫੌਲਾਦੀ ਸਨ। ਬਾਬਾ ਦੀਪ ਸਿੰਘ ਜੀ ਸ਼ਹੀਦੀ ਮਿਸਲ ਦੇ ਮੁਖੀ ਸਨ ਅਤੇ ਦਮਦਮੀ ਟਕਸਾਲ ਦੇ ਪਹਿਲੇ ਮੁਖੀ ਸਨ। ਬਾਬਾ ਜੀ ਪੰਥ ਦੀ ਖਾਤਰ ਹਰ ਕੁਰਬਾਨੀ ਕਰਨ ਲਈ ਸਦਾ ਤਿਆਰ ਬਰ ਰਹਿਣ ਵਾਲੇ ਯੋਧੇ ਸਨ। ਉਨ੍ਹਾਂ ਦਸਿਆ ਇਤਿਹਾਸ ਗਵਾਹ ਹੈ ਕਿ ਬਾਬਾ ਦੀਪ ਸਿੰਘ ਦੇ ਪੈਰਾਂ 'ਚ ਸਮੁੰਦਰ ਦੀਆਂ ਲਹਿਰਾਂ ਤੋਂ ਵੱਧ ਵੇਗ ਸੀ ਤੇ ਬਾਬਾ ਜੀ ਦੇ ਲਹੂ 'ਚ ਇੰਨੀ ਗਰਮੀ ਸੀ ਕਿ 1757 'ਚ ਤੈਮੂਰ ਸ਼ਾਹ ਤੇ ਜਾਹਨ ਖਾਨ ਵਲੋਂ ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਕਰਨ ਤੇ ਪਵਿੱਤਰ ਸਰੋਵਰ ਨੂੰ ਪੂਰ ਦੇਣ ਦੀ ਖ਼ਬਰ ਸ੍ਰੀ ਦਮਦਮਾ ਸਾਹਿਬ ਪਹੁੰਚੀ, ਤਾਂ ਆਪ ਜੀ 76 ਸਾਲ ਦੀ ਬਿਰਧ ਅਵਸਥਾ 'ਚ 18 ਸੇਰ ਦਾ ਖੰਡਾ ਹੱਥ 'ਚ ਫੜ ਸ੍ਰੀ ਦਰਬਾਰ ਸਾਹਿਬ ਨੂੰ ਆਜ਼ਾਦ ਕਰਵਾਉਣ ਲਈ ਚੱਲ ਪਏ। ਬਾਬਾ ਦੀਪ ਸਿੰਘ ਜੀ ਨੇ ਜੰਗ ਜਿੱਤ ਕੇ ਸ੍ਰੀ ਹਰਮਿੰਦਰ ਸਾਹਿਬ ਨਤਮਸਤਕ ਹੋਣ ਦਾ ਅਰਦਾਸਾ ਸੋਧਿਆ ਤੇ ਸ੍ਰੀ ਅੰਮ੍ਰਿਤਸਰ ਵੱਲ ਚੱਲ ਪਏ। ਸਹਿਰ ਦੇ ਬਾਹਰ ਘਮਸਾਣ ਦਾ ਯੁੱਧ ਹੋਇਆ, ਜਹਾਨ ਖਾਨ ਨਾਲ ਹੋ ਰਹੀ ਗਹਿਗੱਚ ਲੜਾਈ ਵਿੱਚ ਬਾਬਾ ਜੀ ਸੀਸ ਧੜ ਨਾਲੋਂ ਵੱਖਰਾ ਹੋ ਗਿਆ। ਕੋਲ ਖੜ੍ਹੇ ਸਿੰਘ ਨੇ ਜਦ ਬਾਬਾ ਜੀ ਨੂੰ ਦਰਬਾਰ ਸਾਹਿਬ ਦੇ ਚਰਨਾਂ 'ਚ ਪਹੁੰਚੇ ਕੇ ਨਤਮਸਤਕ ਹੋਣ ਦਾ ਪ੍ਰਣ ਯਾਦ ਕਰਵਾਇਆ ਤਾਂ ਐਸਾ ਕ੍ਰਿਸ਼ਮਾ ਵਾਪਰਿਆ ਜਿਸ ਦੀ ਮਿਸਾਲ ਦੁਨੀਆ 'ਚ ਕਿਧਰੇ ਵੀ ਨਹੀਂ ਮਿਲਦੀ। ਬਾਬਾ ਜੀ ਨੇ ਆਪਣੇ ਖੱਬੇ ਹੱਥ 'ਤੇ ਸੀਸ ਰੱਖ ਕੇ ਸੱਜੇ ਹੱਥ ਨਾਲ ਅਜਿਹਾ ਖੰਡਾ ਵਾਹਿਆ ਕਿ ਦੁਸ਼ਮਣ ਫ਼ੌਜ 'ਚ ਭਾਜੜਾਂ ਪੈ ਗਈਆਂ। ਜੰਗ ਜਿੱਤ ਕੇ ਸ੍ਰੀ ਹਰਿਮੰਦਰ ਸਾਹਿਬ ਪਰਿਕਰਮਾ ਚ ਸੀਸ ਭੇਟ ਕਰ ਕੇ ਸ਼ਹੀਦੀ ਪ੍ਰਾਪਤ ਕਰ ਗਏ। ਇਸੇ ਕਰ ਕੇ ਬਾਬਾ ਦੀਪ ਸਿੰਘ ਜੀ ਨੂੰ ਅਨੋਖੇ ਅਮਰ ਸ਼ਹੀਦ ਵਜੋਂ ਜਾਣਿਆ ਜਾਂਦਾ ਹੈ। ਸ਼ਹੀਦ ਬਾਬਾ ਦੀਪ ਸਿੰਘ ਸੇਵਾ ਦਲ ਪੰਜਾਬ ਦੇ ਮੁੱਖੀ ਭਾਈ ਸੁਖਚੈਨ ਸਿੰਘ ਅਤਲਾ ਨੇ ਦਸਿਆ ਕਿ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ ਪਿੰਡ ਅਤਲਾ ਖੁਰਦ ਵਿਖੇ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ 27 ਜਨਵਰੀ 2026 ਨੂੰ ਵਿਸ਼ੇਸ਼ ਗੁਰਮਤਿ ਸਮਾਗਮ ਨਾਲ ਸਵੇਰੇ 8 ਵਜੇ ਤੋਂ ਦੁਪਹਿਰ 12 ਵਜੇ ਤਕ ਮਨਾਇਆ ਜਾ ਰਿਹਾ ਹੈ ਜਿਸ ਵਿਚ ਪੰਥ ਦੀਆਂ ਮਹਾਨ ਸਖਸੀਅਤਾਂ ਦੇ ਨਾਲ ਪੰਥ ਪ੍ਰਸਿੱਧ ਰਾਗੀ ਜੱਥੇ ਵੀ ਹਾਜ਼ਰੀ ਭਰ ਰਹੇ ਹਨ । ਅੰਤ ਵਿਚ ਭਾਈ ਅਤਲਾ ਵਲੋਂ ਸੰਗਤਾਂ ਨੂੰ ਵੱਡੀ ਗਿਣਤੀ ਅੰਦਰ ਗੁਰਮਤਿ ਸਮਾਗਮ ਵਿਚ ਹਾਜ਼ਰੀਆਂ ਭਰਣ ਦੀ ਅਪੀਲ ਕੀਤੀ।

ਹਰ ਪਰਿਵਾਰ ਨੂੰ ਮਿਲੇਗਾ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ : ਡਾ. ਨਿਸ਼ਾਨ ਸਿੰਘ ਅਰਜਨ ਮਾਂਗਾ

ਚੌਕ ਮਹਿਤਾ,23 ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ) ਆਮ ਆਦਮੀ ਪਾਰਟੀ ਹਲਕਾ ਮਜੀਠਾ ਦੇ ਮੀਡੀਆ ਕੋਆਰਡੀਨੇਟਰ ਜ਼ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ 22 ਜਨਵਰੀ ਨੂੰ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੀ ਸ਼ੁਰੂਆਤ ਕੀਤੀ ਜਾ ਗਈ ਹੈ, ਜਿਸ ਅਧੀਨ ਪੰਜਾਬ ਦੇ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਕੈਸ਼ਲੈੱਸ ਇਲਾਜ ਮਿਲੇਗਾ। ਇਸ ਯੋਜਨਾ ਲਈ ਕੋਈ ਆਮਦਨ ਸੀਮਾ ਨਹੀਂ ਰੱਖੀ ਗਈ ਅਤੇ ਰਾਜ ਦੇ ਸਰਕਾਰੀ ਮੁਲਾਜ਼ਮਾਂ ਨੂੰ ਵੀ ਇਸ ਵਿੱਚ ਸ਼ਾਮਿਲ ਕੀਤਾ ਗਿਆ ਹੈ। ਡਾ. ਨਿਸ਼ਾਨ ਸਿੰਘ ਅਰਜਨ ਮਾਂਗਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਸੰਯੋਜਕ ਅਰਵਿੰਦ ਕੇਜਰੀਵਾਲ 22 ਜਨਵਰੀ ਨੂੰ ਇਸ ਯੋਜਨਾ ਦਾ ਸਰਕਾਰੀ ਤੌਰ 'ਤੇ ਆਗਾਜ਼ ਕੀਤਾ ।

ਉਨ੍ਹਾਂ ਨੇ ਕਿਹਾ ਕਿ ਪਹਿਲੀਆਂ ਸਰਕਾਰਾਂ ਵੱਲੋਂ ਚਲਾਈਆਂ ਸਿਹਤ ਯੋਜਨਾਵਾਂ ਵਿੱਚ ਕ

ਇੰਟਰਨੈਸ਼ਨਲ ਪੰਥਕ ਦਲ ਦੇ ਆਲ ਇੰਡੀਆ ਕਨਵੀਨਰ

ਜਥੇਦਾਰ ਦਲੀਪ ਸਿੰਘ ਚਕਰ ਦੇ ਪਰਿਵਾਰ ਵੱਲੋਂ ਸਤਿਗੁਰਾਂ ਦਾ ਕੀਤਾ ਸ਼ੁਕਰਾਨਾ

ਜਗਰਾਉਂ, 23 ਜਨਵਰੀ (ਵਰਿਆਮ ਹਠੂਰ)-ਇੰਟਰਨੈਸ਼ਨਲ ਪੰਥਕ ਦਲ ਦੇ ਆਲ ਇੰਡੀਆ ਕਨਵੀਨਰ ਜਥੇਦਾਰ ਦਲੀਪ ਸਿੰਘ ਜੀ ਚਕਰ ਦੇ ਸਮੂਹ ਪਰਿਵਾਰ ਵੱਲੋਂ ਸਤਿਗੁਰਾਂ ਦਾ ਸ਼ੁਕਰਾਨਾ ਕਰਦੇ ਹੋਏ ਜੋ ਸ਼੍ਰੀ ਅਖੰਡ ਪਾਠ ਸਾਹਿਬ ਪ੍ਰਕਾਸ਼ ਕਰਵਾਇਆ ਗਿਆ ਸੀ। ਉਨ੍ਹਾਂ ਦਾ ਅੱਜ ਭੋਗ ਪਿੰਡ ਚਕਰ ਵਿਖੇ ਸਸ਼ੋਭਿਤ ਇਤਿਹਾਸਕ ਗੁਰਦੁਆਰਾ ਪਾਤਸ਼ਾਹੀ ਛੇਵੀਂ ਅਤੇ ਦਸਵੀਂ ਵਿਖੇ ਪਾਇਆ ਗਿਆ, ਸਵੇਰੇ ਸਤਿਗੁਰਾਂ ਦੀ ਇਲਾਹੀ ਬਾਣੀ ਦੇ ਜਾਪ ਹੋਏ ਤੇ ਭੋਗ ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਗਿਆਨੀ ਮਨਦੀਪ ਸਿੰਘ ਜੀ ਖਾਲਸਾ ਦੇ ਕੀਰਤਨੀ ਜੱਥੇ ਨੇ ਗਸਭਿੰਨੇ ਕੀਰਤਨ ਰਾਹੀਂ ਵੱਡੀ ਗਿਣਤੀ ਵਿੱਚ ਇਕੱਤਰ ਹੋਈਆਂ ਸੰਗਤਾਂ ਨੂੰ ਨਿਹਾਲ ਕੀਤਾ, ਤੇ ਗੁਰਦੁਆਰਾ ਸੰਤ ਖਾਲਸਾ ਪਿੰਡ ਰੋਡੇ ਤੋਂ ਮੁੱਖ ਸੇਵਾਦਾਰ ਬਾਬਾ ਬਾਬਾ ਬਲਵਿੰਦਰ ਸਿੰਘ ਜੀ ਨੇ ਕਥਾ ਵਿਚਾਰਾਂ ਰਾਹੀਂ ਆਪਣੀ ਹਾਜ਼ਰੀ ਭਰੀ ਤੇ ਗੁਰਸੰਗਤਾਂ ਨੂੰ ਗੁਰਬਾਣੀ ਦਾ ਪੱਲਾ ਫੜ ਕੇ ਆਪਣਾ ਮਨੁੱਖਾ ਜੀਵਨ ਸਫਲਾ ਕਰਨ ਲਈ ਅਪੀਲ ਕੀਤੀ, ਤੇ ਕਿਹਾ ਕਿ ਗੁਰਸੰਗਤਾਂ ਰੋਜ਼ਾਨਾ ਵੱਧ ਤੋਂ ਵੱਧ ਸਤਿਗੁਰਾਂ ਦੀ ਇਲਾਹੀ ਬਾਣੀ ਦੇ ਜਾਪ ਕਰਨ ਕਿਉਂਕਿ ਮਨੁੱਖ ਦੇ ਅੰਤਿਮ ਸਮੇਂ ਸਿਰਫ ਕੀਤੇ ਹੋਏ ਨਾਮ ਸਿਮਰਨ ਦੀ ਪੂੰਜੀ ਹੀ ਨਾਲ ਜਾਣੀ ਹੈ। ਤੇ ਬਾਕੀ ਸਭ ਦੁਨਿਆਵੀ ਵਸਤੂਆਂ ਇੱਥੇ ਹੀ ਰਹਿ ਜਾਣੀਆਂ ਹਨ। ਇਸ ਤੋਂ ਇਲਾਵਾ ਸੰਤ ਬਾਬਾ ਚਰਨਜੀਤ ਸਿੰਘ ਜੀ ਜੱਸੋਵਾਲ, ਤਰਨਾ ਦਲ ਤੋਂ ਬਾਬਾ ਸਵਰਨਜੀਤ ਸਿੰਘ ਜੀ ਖਾਲਸਾ, ਕਿਸਾਨ ਬਚਾਓ ਮੋਰਚਾ ਦੇ ਪ੍ਰਧਾਨ ਕਿਰਪਾ ਸਿੰਘ ਨੱਥੂਵਾਲਾ, ਨੇ ਵੀ ਇਕੱਤਰ ਗੁਰਸੰਗਤਾਂ ਨਾਲ ਆਪਣੇ ਵਿਚਾਰਾਂ ਦੀ ਸਾਂਝ ਪਾਈ, ਤੇ ਜਿੱਥੇ ਇੰਟਰਨੈਸ਼ਨਲ ਪੰਥਕ ਦਲ ਵੱਲੋਂ ਮੀਰੀ ਪੀਰੀ ਦੇ ਸਿਧਾਂਤ ਤੇ ਡਟ ਕੇ ਪਹਿਰਾ ਦੇਣ ਦੀ ਗੱਲ ਕੀਤੀ ਉੱਥੇ ਇੰਟਰਨੈਸ਼ਨਲ ਪੰਥਕ ਦਲ ਦੇ ਆਲ ਇੰਡੀਆ ਕਨਵੀਨਰ ਜਥੇਦਾਰ ਦਲੀਪ ਸਿੰਘ ਜੀ ਚਕਰ ਵੱਲੋਂ ਅਣਥੱਕ ਪੰਥਕ ਸੇਵਾਵਾਂ ਵਿੱਚ ਮੋਹਰੀ ਰੋਲ ਅਦਾ ਕਰਨ ਲਈ ਵੀ ਉਨ੍ਹਾਂ ਦੀ ਸ਼ਲਾਘਾ ਕੀਤੀ, ਤੇ ਪਰਿਵਾਰ ਨੂੰ ਸਤਿਗੁਰਾਂ ਦਾ ਸ਼ੁਕਰਾਨਾ ਕਰਨ ਲਈ ਕਰਵਾਏ ਸਮਾਗਮ ਲਈ ਵਧਾਈਆਂ ਦਿੱਤੀਆਂ, ਇਸ ਮੌਕੇ ਇੰਟਰਨੈਸ਼ਨਲ ਪੰਥਕ ਦਲ ਦੇ ਸੀਨੀਅਰ ਆਗੂਆਂ ਦੀ ਟੀਮ ਸਮੇਤ ਵੱਖ ਵੱਖ ਸਤਿਕਾਰਯੋਗ ਸ਼ਖ਼ਸੀਅਤਾਂ ਅਤੇ ਪੰਚਾਂ ਸਰਪੰਚਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ, ਸਟੇਜ ਸੈਕਟਰੀ ਦੀ ਭੂਮਿਕਾ ਇੰਟਰਨੈਸ਼ਨਲ ਪੰਥਕ ਦਲ ਦੇ ਪੰਜਾਬ ਪ੍ਰਧਾਨ ਜਥੇਦਾਰ ਹਰਚੰਦ ਸਿੰਘ ਚਕਰ ਨੇ ਬੜੇ ਹੀ ਸੁਚੱਜੇ ਢੰਗ ਨਾਲ ਨਿਭਾਈ, ਅੰਤ ਵਿੱਚ ਇੰਟਰਨੈਸ਼ਨਲ ਪੰਥਕ ਦਲ ਦੇ ਆਲ ਇੰਡੀਆ ਕਨਵੀਨਰ ਜਥੇਦਾਰ ਦਲੀਪ ਸਿੰਘ ਜੀ ਚਕਰ ਅਤੇ ਪੰਜਾਬ ਪ੍ਰਧਾਨ ਜਥੇਦਾਰ ਹਰਚੰਦ ਸਿੰਘ ਜੀ ਚਕਰ ਨੇ ਸ਼ੁਕਰਾਨਾ ਸਮਾਗਮ ਵਿੱਚ ਪਹੁੰਚਣ ਲਈ ਸਮੂਹ ਗੁਰਸੰਗਤਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ, ਇਸ ਮੌਕੇ ਸੰਤ ਬਾਬਾ ਚਰਨਜੀਤ ਸਿੰਘ ਜੀ ਜੱਸੋਵਾਲ, ਜਥੇਦਾਰ ਬਾਬਾ ਸਵਰਨਜੀਤ ਸਿੰਘ ਜੀ (ਤਰਨਾ ਦਲ), ਸਮਾਜ ਸੇਵੀ ਦਵਿੰਦਰ ਸਿੰਘ ਬੱਬੀ ਗਰੇਵਾਲ ਹਠੂਰ, ਕਥਾਵਾਚਕ ਬਾਬਾ ਬਲਵਿੰਦਰ ਸਿੰਘ ਜੀ ਮੁੱਖ ਸੇਵਾਦਾਰ ਗੁਰਦੁਆਰਾ ਸੰਤ ਖਾਲਸਾ ਪਿੰਡ ਰੋਡੇ, ਭਾਈ ਜਗਸੀਰ ਸਿੰਘ ਜੀ ਰੋਡੇ, ਭਾਈ ਸੁਰਿੰਦਰਪਾਲ ਸਿੰਘ ਹਵਾਸ, ਭਾਈ ਰਣਜੀਤ ਸਿੰਘ, ਡਾਕਟਰ ਰੂਪ ਦਾਸ, ਜੀਤ ਸਿੰਘ ਗਰੇਵਾਲ, ਪ੍ਰਧਾਨ ਭਾਈ ਕੁਲਦੀਪ ਸਿੰਘ ਡੱਲਾ, ਪ੍ਰਧਾਨ ਹਰਕਿਸ਼ਨ ਸਿੰਘ ਕੋਠੇ ਜੀਵਾ, ਪ੍ਰਧਾਨ ਬੂਟਾ ਸਿੰਘ ਮਲਕ, ਪ੍ਰਧਾਨ ਜੋਗਿੰਦਰ ਸਿੰਘ ਫਿਰੋਜ਼ਪੁਰ, ਮਲਕੀਤ ਸਿੰਘ, ਨਛੱਤਰ ਸਿੰਘ ਠੀਕਰੀਵਾਲਾ, ਬਾਬਾ ਜੀਤ ਸਿੰਘ ਗੁਰਦੁਆਰਾ ਮਲੋ ਸ਼ਹੀਦ ਪਿੰਡ ਹਿੰਮਤਪੁਰਾ, ਸਮਾਜ ਸੇਵੀ ਨਿਰਮਲ ਸਿੰਘ ਧੀਰਾ ਡੱਲਾ, ਬਲਾਕ ਸੰਮਤੀ ਮੈਂਬਰ ਚਮਕੌਰ ਸਿੰਘ ਚਕਰ, ਡਾਕਟਰ ਚਮਕੌਰ ਸਿੰਘ ਰਾਮਾ, ਗੁਰਸੇਵਕ ਸਿੰਘ ਛੱਜਾਵਾਲ, ਪ੍ਰਿੰਸੀਪਲ ਸਤਨਾਮ ਸਿੰਘ ਚਕਰ, ਕੈਪਟਨ ਬਲੌਰ ਸਿੰਘ ਭੰਮੀਪੁਰਾ, ਗੁਰਪ੍ਰੀਤ ਸਿੰਘ ਬਰਨਾਲਾ, ਸਰਪੰਚ ਗੁਰਪ੍ਰੀਤ ਸਿੰਘ ਭੰਮੀਪੁਰਾ, ਡਾਕਟਰ ਹਰਜੋਤ ਕਮਲ ਮੋਗਾ ਸਾਬਕਾ ਐੱਮ ਐੱਲ ਏ, ਪ੍ਰਧਾਨ ਕਿਰਪਾ ਸਿੰਘ ਨੱਥੂਵਾਲਾ (ਕਿਸਾਨ ਬਚਾਓ ਮੋਰਚਾ) ਗੋਮਾ ਸਿੰਘ ਫਿਰੋਜ਼ਪੁਰ, ਬੂਟਾ ਸਿੰਘ ਚਕਰ, ਹਰਪਾਲ ਸਿੰਘ ਰੋਡੇ, ਸਰਪੰਚ ਪਾਲੀ ਰੂਮੀ, ਸਰਪੰਚ ਗੁਰਪਾਲ ਸਿੰਘ ਪਾਲੀ ਡੱਲਾ, ਸਮੇਤ ਵੱਡੀ ਗਿਣਤੀ ਵਿੱਚ ਗੁਰਸੰਗਤਾਂ ਹਾਜ਼ਰ ਸਨ।

ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮੌਕੇ ਵੱਡੀ ਗਿਣਤੀ ਵਿੱਚ ਗੁਰਸੰਗਤਾਂ ਨੇ ਭਰੀ ਹਾਜ਼ਰੀ

ਆਵਾਜ਼ਿ ਕੌਮ AWAZE QAUM International Newspaper & WEB TV

ਪੰਜਾਬ ਦੀ ਆਪ ਸਰਕਾਰ ਵਲੋਂ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਵੱਡਾ ਇਤਿਹਾਸਿਕ ਫੈਸਲਾ - ਈ.ਟੀ.ਓ.

ਜੰਡਿਆਲਾ ਗੁਰੂ, 23 ਜਨਵਰੀ (ਕੁਲਵੰਤ ਸਿੰਘ ਵਿਰਦੀ)-ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਇਕ ਵੱਡਾ ਇਤਿਹਾਸਿਕ ਫੈਸਲਾ ਹੈ, ਜਿਸ ਨਾਲ ਸੂਬੇ ਵਿੱਚ ਰਹਿ ਰਹੇ ਹਰੇਕ ਪਰਿਵਾਰ ਨੂੰ 10 ਲੱਖ ਰੁਪਏ ਤੱਕ ਆਪਣਾ ਮੁਫ਼ਤ ਇਲਾਜ ਕਿਸੇ ਵੀ ਸਰਕਾਰੀ ਜਾਂ ਪ੍ਰਾਈਵੇਟ ਹਸਪਤਾਲ ਤੋਂ ਕਰਵਾ ਸਕਦੇ ਹਨ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਸ: ਹਰਭਜਨ ਸਿੰਘ ਈ.ਟੀ.ਓ. ਨੇ ਕਰਦਿਆਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਨਾਂ ਤਾਂ ਸਿੱਖਿਆ ਅਤੇ ਨਾਂ ਹੀ ਸਿਹਤ ਸੰਸਥਾਵਾਂ ਵੱਲ ਕੋਈ ਧਿਆਨ ਦਿੱਤਾ ਅਤੇ ਸੂਬਾ ਵਾਸੀਆਂ ਨੂੰ ਸਿਹਤ ਅਤੇ ਸਿੱਖਿਆ ਦੇਣ ਵਿੱਚ ਅਸਫ਼ਲ ਰਹੀਆਂ। ਉਨਾਂ ਕਿਹਾ ਕਿ ਮਾਨ ਸਰਕਾਰ ਦਾ ਇਹ ਫੈਸਲਾ ਪੰਜਾਬ ਦੇ ਲੋਕਾਂ ਵਿੱਚ ਖੁਸ਼ੀ ਦੀ ਲਹਿਰ ਲੈ ਕੇ ਆਇਆ ਹੈ ਅਤੇ ਲੋਕ ਸਰਕਾਰ ਦੇ ਇਸ ਫੈਸਲੇ ਦਾ ਭਰਵਾਂ ਸਵਾਗਤ ਕਰ ਰਹੇ ਹਨ। ਕੈਬਨਿਟ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ. ਨੇ ਜੰਡਿਆਲਾ ਗੁਰੂ ਵਿਖੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਸ਼ੁਰੂ ਕੀਤੀ ਗਈ 10 ਲੱਖ ਰੁਪਏ ਤੱਕ ਦੇ ਮੁਫ਼ਤ ਇਲਾਜ ਵਾਲੀ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਕਾਰਡ ਬਣਾਉਣ ਲਈ ਆਪਣੇ ਹਲਕੇ ਦੇ ਸਰਪੰਚਾਂ ਨੂੰ ਪੋਰਟੇਬਲ ਪ੍ਰਿੰਟਰ ਵੰਡੇ ਅਤੇ ਉਸਦੀ ਵਰਤੋਂ ਕਰਨ ਸੰਬੰਧੀ ਟ੍ਰੇਨਿੰਗ ਦਿੱਤੀ। ਕੈਬਨਿਟ ਮੰਤਰੀ ਈ. ਟੀ. ਓ ਨੇ ਘਰ ਘਰ ਜਾ ਕੇ ਲਾਭਪਾਤਰੀਆਂ ਦੇ ਕਾਰਡ ਬਣਾਏ। ਉਹਨਾਂ ਦੱਸਿਆ, "ਇਸ ਕਾਰਡ ਦਾ ਲਾਭ ਹਰ ਵਰਗ ਦੇ ਲੋਕਾਂ ਨੂੰ ਮਿਲੇਗਾ। ਇਸ ਯੋਜਨਾ ਦਾ ਲਾਭ ਲੈਣ ਲਈ ਨਾ ਤਾਂ ਕੋਈ ਆਮਦਨ ਦਾ ਚੱਕਰ ਹੈ ਤੇ ਨਾ ਹੀ ਕੋਈ ਉਮਰ ਸੀਮਾ। ਪੰਜਾਬ ਦਾ ਕੋਈ ਵੀ ਵਿਅਕਤੀ ਜਿਸ ਕੋਲ ਆਧਾਰ ਜਾਂ ਵੋਟਰ ਕਾਰਡ ਹੈ, ਉਹ ਇਸ ਸਕੀਮ ਦਾ ਫਾਇਦਾ ਲੈ ਸਕਦਾ ਹੈ। ਸ਼ਰਤ ਇਹ ਹੈ ਕਿ ਆਧਾਰ ਜਾਂ ਵੋਟਰ ਕਾਰਡ ਪੰਜਾਬ ਦਾ ਹੋਣਾ ਚਾਹੀਦਾ ਹੈ। ਉਨਾਂ ਕਿਹਾ ਕਿ ਲਾਭਪਾਤਰੀ ਬਿਨਾਂ ਕਿਸੇ ਪੈਸੇ ਤੋਂ ਪੰਜਾਬ ਦੇ ਕਿਸੇ ਵੀ ਪ੍ਰਾਈਵੇਟ ਅਤੇ ਸਰਕਾਰੀ ਹਸਪਤਾਲ ਵਿੱਚ ਆਪਣਾ ਮੁਫ਼ਤ ਇਲਾਜ ਕਰਵਾ ਸਕਣਗੇ। ਇਸ ਸਿਹਤ ਯੋਜਨਾ ਵਿੱਚ ਕੀਮੋਥੈਰੇਪੀ, ਡਿਲੀਵਰੀ, ਦਿਲ ਦਾ ਇਲਾਜ, ਡਾਇਲਿਸਿਸ, ਹੱਡੀਆਂ ਦਾ ਇਲਾਜ, ਜੱਚਾ-ਬੱਚਾ ਅਤੇ ਸਾਰੀਆਂ ਕਿਸਮਾਂ ਦੀਆਂ ਸਰਜਰੀਆਂ ਵੀ ਸ਼ਾਮਲ ਹਨ। ਇਹ ਯੋਜਨਾ ਸਾਰੇ ਟੈਸਟਾਂ, ਦਵਾਈਆਂ ਅਤੇ ਸਰਜਰੀਆਂ ਦੀ ਪੂਰੀ ਲਾਗਤ ਨੂੰ ਕਵਰ ਕਰਦੀ ਹੈ। ਇਸ ਸਕੀਮ 'ਚ ਸਰਕਾਰੀ ਮੁਲਾਜ਼ਮ, ਪੈਨਸ਼ਨਰ ਵੀ ਸ਼ਾਮਿਲ ਹੋਣਗੇ !

ਦਿੱਲੀ ਚ ਸਿੱਖ ਨਸਲਕੁਸ਼ੀ ਦੇ ਦੋਸੀ ਸੱਜਣ ਕੁਮਾਰ ਨੂੰ ਅਦਾਲਤ ਨੇ ਬਰੀ ਕਰਕੇ ਸਿੱਖਾਂ ਦੇ ਜਖਮਾਂ ਤੇ ਲੂਣ ਛਿੜਕਿਆ ਬਾਬਾ ਬਿਬੇਕ ਸਿੰਘ

ਜੰਡਿਆਲਾ ਗੁਰੂ 23 ਜਨਵਰੀ (ਕੁਲਵੰਤ ਸਿੰਘ ਵਿਰਦੀ) ਅੱਜ ਬਾਬਾ ਬਿਬੇਕ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਨਾਨਕਸਰ ਸਾਹਿਬ ਨਾਨਕਸਰ ਨਗਰ ਜੰਡਿਆਲਾ ਗੁਰੂ ਅਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਮੁੱਖ ਸੇਵਾਦਾਰ ਹਲਕਾ ਜੰਡਿਆਲਾ ਗੁਰੂ ਨੇ ਕਿਹਾ ਕਿ ਬੀਤੇ ਲੰਮੇ ਸਮੇਂ ਦੌਰਾਨ ਸਿੱਖ ਕੌਮ ਨੂੰ ਭਾਰਤ ਦੀ ਹਕੂਮਤ ਵੱਲੋਂ ਦਿੱਤੇ ਜਖਮਾਂ ਨੂੰ ਛੇੜ ਕਿ ਸਿੱਖ ਕੌਮ ਨੂੰ ਦਿੱਤੇ ਜਖਮਾਂ ਦੀ ਪੀੜ੍ਹ ਨੂੰ ਯਾਦ ਕਰਵਾਇਆ ਜਾਂਦਾ ਹੈ ਬੀਤੇ ਕੱਲ੍ਹ ਦਿੱਲੀ ਦੀ ਰਾਉਜ਼ ਐਵਨਿਊ ਅਦਾਲਤ ਵੱਲੋਂ ਨਵੰਬਰ 1984 ਨਾਲ ਸਬੰਧਤ ਇੱਕ ਮਾਮਲੇ ਵਿੱਚ ਕਾਂਗਰਸ ਦੇ ਆਗੂ ਸੱਜਣ ਕੁਮਾਰ ਉਪਰ ਚਲ ਰਹੇ ਕੇਸ ਵਿੱਚੋਂ ਬਰੀ ਕਰਨ ਦੇ ਫੈਸਲੇ ਦੀ ਨਿਖੇਧੀ ਕੀਤੀ ਜਾਂਦੀ ਹੈ ਅਤੇ ਅਸੀਂ ਸਰਕਾਰਾਂ ਅਤੇ ਅਦਾਲਤਾਂ ਨੂੰ ਪੁੱਛਣਾ ਚਾਹੁੰਦੇ ਹਾਂ ਕਿ ਦਿੱਲੀ ਵਿੱਚ ਸਿੱਖਾਂ ਦੇ ਕਤਲੇਆਮ ਅਤੇ ਇਸ ਦੁਖਾਂਤ ਦਾ ਜਿੰਮੇਵਾਰ ਕੌਣ ਹੈ ਅਤੇ ਫਿਰ ਕਿਸ ਨੇ ਕੀਤਾ ਤੇ ਕਿਸ ਨੇ ਕਰਵਾਇਆ ਹੈ। ਅੱਗੇ ਬਾਬਾ ਬਿਬੇਕ ਸਿੰਘ ਨੇ ਕਿਹਾ ਕਿ ਜਿਸ ਸਿੱਖ ਕਤਲੇਆਮ ਦਾ ਦੋਸੀ ਸੱਜਣ ਕੁਮਾਰ ਬੇਸ਼ੱਕ ਦੋ ਕੇਸਾਂ ਵਿੱਚ ਅਜੇ ਵੀ ਜੇਲ੍ਹ ਅੰਦਰ ਬੰਦ ਤੇ ਸਜ਼ਾ ਭੁਗਤ ਰਿਹਾ ਹੈ ਅਤੇ ਜੇਲ੍ਹ ਵਿੱਚ ਹੀ ਰਹੇਗਾ, ਪਰੰਤੂ ਇੱਕ ਕੇਸ ਵਿੱਚ ਉਸ ਦਾ ਬਰੀ ਹੋਣਾ ਭਾਰਤ ਸਰਕਾਰ ਦੀਆਂ ਜਾਂਚ ਏਜੰਸੀਆਂ ਦੀ ਕਾਰਵਾਈ ਤੇ ਵੱਡਾ ਸਵਾਲੀਆ ਚਿੰਨ੍ਹ ਲੱਗਦਾ ਹੈ ਅਤੇ ਇਕ ਵਾਰ ਫਿਰ ਸਿੱਖਾਂ ਦੇ ਜ਼ਖ਼ਮਾਂ ਉੱਤੇ ਲੂਣ ਛਿੜਕਿਆ ਗਿਆ ਅਤੇ ਪੀੜ੍ਹ ਦਾ ਅਹਿਸਾਸ ਕਰਵਾਇਆ ਗਿਆ ਹੈ ! ਅੱਗੇ ਬਾਬਾ ਬਿਬੇਕ ਸਿੰਘ ਨੇ ਕਿਹਾ ਕਿ ਜਿਸ ਸਿੱਖ ਕਤਲੇਆਮ ਮਾਮਲੇ ਵਿੱਚ ਸੱਜਣ ਕੁਮਾਰ ਨੂੰ ਬਰੀ ਕੀਤਾ ਗਿਆ ਹੈ ਉਸ ਕੇਸ ਵਿੱਚ ਛੋਟੀ ਉਮਰ ਕਰੀਬ 17 ਸਾਲ ਦੇ ਬੱਚੇ ਕਾਕਾ ਗੁਰਚਰਨ ਸਿੰਘ ਨੂੰ ਜਿਉਂਦੇ ਨੂੰ ਉਸ ਦੇ ਪਿਤਾ ਸ. ਨਾਥ ਸਿੰਘ ਦੇ ਜਲਦੇ ਟਰੱਕ ਵਿੱਚ ਸੁੱਟਿਆ ਗਿਆ ਸੀ । ਕਾਕਾ ਗੁਰਚਰਨ ਸਿੰਘ ਲੰਮਾ ਸਮਾਂ ਅੱਧ ਜਲਿਆ ਜਿਉਦਾ ਰਿਹਾ ਲੇਕਿਨ ਉਸ ਦੇ ਬਿਆਨ ਦਰਜ ਨਹੀਂ ਕੀਤੇ ਗਏ ਆਖਰ ਉਹ ਅਕਾਲ ਚਲਾਣਾ ਕਰ ਗਿਆ ਅਤੇ ਦਿੱਲੀ ਪੁਲਿਸ ਨੇ ਕਾਕਾ ਗੁਰਚਰਨ ਸਿੰਘ ਦੇ ਬਿਆਨ ਬਿਨਾਂ ਦਰਜ ਕੀਤੇ ਹੀ ਕੇਸ ਬੰਦ ਕਰ ਦਿੱਤਾ ਸੀ, ਜੋ ਕਿ ਅਤਿਨਿੰਦਣਯੋਗ ਅਤੇ ਮੰਦਭਾਗਾ ਹੈ ਅਤੇ ਦਿੱਲੀ ਸਰਕਾਰ ਤੇ ਪੁਲਿਸ ਵੱਲੋਂ ਕੀਤੀ ਗਈ ਕਾਰਵਾਈ ਤੇ ਵੱਡਾ ਸਵਾਲ ਹੈ। ਉਨ੍ਹਾਂ ਕਿਹਾ ਕਿ ਇਸ ਕੇਸ ਚ ਸਾਜ਼ਸ਼ ਤਹਿਤ ਕੀਤੀ ਗਈ ਦੇਰੀ ਲਈ ਕੌਣ ਜਿੰਮੇਵਾਰ ਹੈ ਅਤੇ ਸਰਕਾਰ ਵੱਲੋਂ ਜ਼ਿੰਮੇਵਾਰੀ ਵੀ ਤੈਅ ਕੀਤੀ ਜਾਵੇ, ਸਰਕਾਰ ਇਹ ਵੀ ਸਪੱਸ਼ਟ ਕਰੇ। ਉਨ੍ਹਾਂ ਕਿਹਾ ਕਿ ਸਿੱਖਾਂ ਨੂੰ ਇਨਸਾਫ਼ ਦੇਣਾ ਸਰਕਾਰਾਂ ਦੀ ਜ਼ਿੰਮੇਵਾਰੀ ਸੀ ਪਰੰਤੂ ਪਰ ਸਰਕਾਰਾਂ ਵੱਲੋਂ ਹਮੇਸਾਂ ਸਭ ਤੋਂ ਵੱਧ ਕੁਰਬਾਨੀਆਂ ਦੇਣ ਵਾਲੀ ਸਿੱਖ ਕੌਮ ਨਾਲ ਬੇਇਨਸਾਫ਼ੀ ਕੀਤੀ ਗਈ ਹੈ! ਇਸ ਲਈ ਅਦਾਲਤ ਤੇ ਸਰਕਾਰ ਇਸ ਕੇਸ ਤੇ ਇਕ ਵਾਰ ਵੀਚਾਰ ਕਰਕੇ ਸਿੱਖਾਂ ਨੂੰ ਬਣਦਾ ਇਨਸਾਫ ਦੇਵੇ ! ਇਸ ਮੌਕੇ ਭਾਈ ਅਮਨਦੀਪ ਸਿੰਘ ਡੱਡੂਆਣਾ,ਭਾਈ ਬਚਿੱਤਰ ਸਿੰਘ ਤਰਸਿੱਕਾ, ਭਾਈ ਸਿਮਰਨਜੀਤ ਸਿੰਘ ਜੰਡਿਆਲਾ ਗੁਰੂ , ਜਰਮਨਜੀਤ ਸਿੰਘ, ਭਾਈ ਗੁਰਪ੍ਰੀਤ ਸਿੰਘ ਚੱਪੜੀਆਂ,ਮਨਜਿੰਦਰ ਸਿੰਘ ਖਾਲਸਾ ਸਟੋਰ ਬੰਡਾਲਾ, ਭਾਈ ਰਾਣਾ ਸਿੰਘ ਬੰਡਾਲਾ ਆਦਿ ਹਾਜ਼ਰ ਸਨ!

ਜਿਹੜਾ ਝੰਡਾ ਤੇ ਵਿਧਾਨ ਸਿੱਖਾਂ ਉਤੇ ਜ਼ਬਰ ਜੁਲਮ ਢਾਹੁੰਣ ਦੇ ਨਾਲ ਇਨਸਾਫ ਨਾ ਦਿੰਦਾ ਹੋਵੇ, ਉਸਨੂੰ ਸਿੱਖ ਕਿਵੇਂ ਕਰ ਸਕਦੇ ਹਨ ਪ੍ਰਵਾਨ : ਮਾਨ

ਅਦਾਲਤ ਵਲੋਂ ਸੱਜਣ ਕੁਮਾਰ ਨੂੰ ਬਰੀ ਕਰਨਾ ਸਮੁੱਚੀ ਸਿੱਖ ਕੌਮ ਦੇ ਮਨਾਂ ਤੇ ਆਤਮਾਵਾ ਨੂੰ ਵਲੂੰਧਰਣ ਵਾਲੀ ਕਾਰਵਾਈ

ਨਵੀਂ ਦਿੱਲੀ, 23 ਜਨਵਰੀ (ਮਨਪ੍ਰੀਤ ਸਿੰਘ ਖਾਲਸਾ):- ਹਿੰਦੂਤਵ ਹੁਕਮਰਾਨਾਂ ਨੇ 1947 ਤੋਂ ਲੈਕੇ ਅੱਜ ਤੱਕ ਸਿੱਖਾਂ ਉਤੇ ਗੈਰ ਇਨਸਾਨੀਅਤ ਅਤੇ ਗੈਰ ਕਾਨੂੰਨੀ ਢੰਗ ਨਾਲ ਘੋਰ ਜ਼ਬਰ ਜੁਲਮ ਅਤੇ ਬੇਇਨਸਾਫ਼ੀਆਂ ਹੀ ਕੀਤੀਆ ਹਨ, ਜੋ ਅੱਜ ਵੀ ਜਾਰੀ ਹਨ । ਜਿਸ ਝੰਡੇ ਤੇ ਵਿਧਾਨ ਹੇਠ ਇੰਡੀਆ ਵਿਚ ਘੱਟ ਗਿਣਤੀ ਸਿੱਖ ਕੌਮ ਦਾ ਦਿੱਲੀ ਤੇ ਹੋਰ ਸਥਾਨਾਂ ਉਤੇ ਦਿਨ ਦਿਹਾੜੇ ਸਾਜਸੀ ਢੰਗ ਨਾਲ ਕਤਲੇਆਮ ਹੁੰਦਾ ਰਿਹਾ, ਪੁਲਿਸ ਅਤੇ ਫ਼ੌਜ ਨੇ ਵੀ ਅਜਿਹੇ ਸਮੇ ਕਤਲੇਆਮ ਨੂੰ ਰੋਕਣ ਲਈ ਆਪਣੀਆ ਜਿੰਮੇਵਾਰੀਆ ਪੂਰਨ ਨਹੀ ਕੀਤੀਆ । ਇਥੋ ਤੱਕ ਸਾਡੇ ਸਿੱਖ ਕਤਲੇਆਮ ਦੇ ਮੁੱਖ ਦੋਸ਼ੀ ਸੱਜਣ ਕੁਮਾਰ ਨੂੰ ਇਥੇ ਦੇ ਜੱਜਾਂ ਤੇ ਅਦਾਲਤਾਂ ਵੱਲੋ ਬਰੀ ਕਰ ਦੇਣ ਦੀ ਕਾਰਵਾਈ ਸਮੁੱਚੀ ਸਿੱਖ ਕੌਮ ਦੇ ਮਨਾਂ ਤੇ ਆਤਮਾਵਾ ਨੂੰ ਵਲੂੰਧਰਣ ਵਾਲੀ ਕਾਰਵਾਈ ਹੈ । ਇਸ ਵੱਡੇ ਕਾਤਲ ਨੂੰ ਬਰੀ ਕਰਕੇ ਹੁਕਮਰਾਨਾਂ ਨੇ ਸਾਬਤ ਕਰ ਦਿੱਤਾ ਹੈ ਕਿ ਸਿੱਖ ਕੌਮ ਲਈ ਇਸ ਜਮਹੂਰੀਅਤ ਕਹਾਉਣ ਵਾਲੇ ਇੰਡੀਆ ਦੇ ਵਿਧਾਨ ਅਤੇ ਝੰਡੇ ਥੱਲ੍ਹੇ ਸਿੱਖ ਕੌਮ ਨੂੰ ਕੋਈ ਇਨਸਾਫ਼ ਨਹੀ ਮਿਲ ਸਕਦਾ । ਫਿਰ ਅਜਿਹੇ ਝੰਡੇ ਅਤੇ ਵਿਧਾਨ ਨੂੰ ਸਿੱਖ ਕੌਮ ਕਿਵੇ ਪ੍ਰਵਾਨ ਕਰ ਸਕਦੇ ਹਨ ? ਜੇਕਰ ਜਗ

ਚੇਅਰਮੈਨ ਹਰਜਿੰਦਰ ਸਿੰਘ ਰੰਧਾਵਾ ਉਸਮਾ ਦੀ ਅਗਵਾਈ ਵਿੱਚ ਹੋਏ ਸਨਮਾਨ ਸਮਾਗਮ ਵਿੱਚ

ਕੈਬਨਟ ਮੰਤਰੀ ਈਟੀਓ ਨੇ ਟਰੇਡਰਜ਼ ਕਮਿਸ਼ਨ ਦੇ ਅਹੁਦੇਦਾਰਾਂ ਨੂੰ ਕੀਤਾ ਸਨਮਾਨਿਤ

ਚੌਕ ਮਹਿਤਾ, 23 ਜਨਵਰੀ (**ਬਾਬਾ ਸੁਖਵੰਤ ਸਿੰਘ ਚੰਨਣਕੇ**)-ਚੇਅਰਮੈਨ ਹਰਜਿੰਦਰ ਸਿੰਘ ਰੰਧਾਵਾ ਜਲਾਲ ਉਸਮਾ ਦੀ ਅਗਵਾਈ ਵਿੱਚ ਇਕ ਸਨਮਾਨ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਵਿਸ਼ੇਸ਼ ਤੌਰ ਤੇ ਕੈਬਿਨੇਟ ਮੰਤਰੀ ਹਰਭਜਨ ਸਿੰਘ ਈਟੀਓ ਸ਼ਾਮਿਲ ਹੋਏ ਜਦ ਕਿ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਮਾਝਾ ਜੋਨ ਦੇ ਇੰਚਾਰਜ ਅਰਵਿੰਦਰ ਭੱਟੀ,ਕਮਿਸ਼ਨ ਦੇ ਮੈਂਬਰ ਨਿਰਮਲ ਸਿੰਘ ਸੋਖੀ ਅਤੇ ਵਿਜੇ ਕੁਮਾਰ ਸ਼ਰਮਾ ਸ਼ਾਮਿਲ ਹੋਏ। ਇਸ ਮੌਕੇ ਕੈਬਿਨੇਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਜ਼ਿਲੇ ਦੀ ਪੂਰੀ ਟੀਮ ਅਤੇ ਨਵਨਿਯੁਕਤ ਟਰੇਡਰਜ਼ ਕਮਿਸ਼ਨ ਦੇ ਚੇਅਰਪਰਸਨਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ ਇਸ ਮੌਕੇ ਤੇ ਚੇਅਰਮੈਨ ਹਰਜਿੰਦਰ ਸਿੰਘ ਰੰਧਾਵਾ ਜਲਾਲ ਉਸਮਾ,ਅੰਮ੍ਰਿਤਸਰ ਸਾਊਥ ਦੇ ਚੇਅਰਪਰਸਨ ਵਨੀਤ ਅਨੇਜਾ, ਅੰਮ੍ਰਿਤਸਰ ਵੈਸਟ ਦੇ ਚੇਅਰਪਰਸਨ ਮਨਜੀਤ ਸਿੰਘ ਮਾਨ, ਅੰਮ੍ਰਿਤਸਰ ਨੌਰਥ ਦੇ ਚੇਅਰਪਰਸਨ ਰਾਹੁਲ ਖੰਨਾ, ਦੇ ਜੰਡਿਆਲਾ ਗੁਰੂ ਚੇਅਰਪਰਸਨ ਦਿਲਬਾਗ ਸਿੰਘ ਬਾਠ ਅਤੇ ਤਰਨ ਤਾਰਨ ਦੇ ਚੇਅਰਪਰਸਨ ਐਸ ਰੰਧਾਵਾ ਨੂੰ ਕੈਬਨੇਟ ਮੰਤਰੀ ਨੇ ਸਨਮਾਨਿਤ ਕਰਦਿਆਂ ਪਾਰਟੀ ਅਤੇ ਲੋਕਾਂ ਦੀ ਵੱਧ-ਚੜ ਕੇ ਸੇਵਾ ਕਰਨ ਲਈ ਥਾਪੜਾ ਦਿੱਤਾ ਇਸ ਮੌਕੇ ਈਟੀਓ ਨੇ ਕਿਹਾ ਕਿ ਸਿਰਫ ਆਮ ਆਦਮੀ ਪਾਰਟੀ ਹੀ ਅਜਿਹੀ ਪਾਰਟੀ ਹੈ ਜਿੱਥੇ ਕੋਈ ਭਾਈ ਭਤੀਜਾਵਾਦ ਨਹੀਂ ਚੱਲਦਾ ਹੈ ਇੱਥੇ ਸਿਰਫ ਮਿਹਨਤ ਦਾ ਮੁੱਲ ਪੈਂਦਾ ਹੈ ਇਕ ਆਮ ਸਧਾਰਨ ਵਰਕਰ ਕੌਂਸਲਰ, ਐਮਐਲਏ, ਮੰਤਰੀ ਬਣ ਸਕਦਾ ਹੈ। ਇਸ ਮੌਕੇ ਜਿਲਾ ਟਰੇਡਰਜ ਕਮਿਸ਼ਨ ਅੰਮ੍ਰਿਤਸਰ ਦੇ ਚੇਅਰਪਰਸਨ ਗੁਰਪ੍ਰੀਤ ਸਿੰਘ ਕਟਾਰੀਆ ਨੇ ਕੈਬਨਟ ਮੰਤਰੀ ਅਤੇ ਹੋਰ ਅਹੁਦੇਦਾਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਜ਼ਿਲ੍ਹਾ ਅੰਮ੍ਰਿਤਸਰ ਸਮੂਹ ਵਪਾਰੀਆਂ, ਉਦਯੋਗਪਤੀਆਂ ਨੂੰ ਇਹ ਭਰੋਸਾ ਦਿਵਾਉਂਦਾ ਹੈ ਕਿ ਅੰਮ੍ਰਿਤਸਰ ਅਤੇ ਪੰਜਾਬ ਵਿੱਚ ਵਪਾਰ ਹਿਤੈਸ਼ੀ ਮਾਹੌਲ ਤਿਆਰ ਕਰਨ ਲਈ ਅਸੀਂ ਛੱਡਾਂਗੇ, ਵਪਾਰੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਮੁਸ਼ਿਕਲ ਨਹੀਂ ਆਉਣ ਦਿੱਤੀ ਜਾਵੇਗੀ। ਅੰਮ੍ਰਿਤਸਰ ਦੇ ਵਪਾਰੀਆਂ ਉਦਯੋਗਪਤੀਆਂ ਦੁਕਾਨਦਾਰਾਂ ਦੀਆਂ ਮੁਸ਼ਕਲਾਂ ਉਹਨਾਂ ਦੇ ਕੋਲ ਜਾਕੇ ਹੱਲ ਕਰਾਂਗੇ।

ਆਵਾਜ਼ਿ ਕੌਮ AWAZE QAUM International Newspaper & WEB TV

ਬਸੰਤ ਪੰਚਮੀ ਦਾ ਤਿਉਹਾਰ ਝੌਂਪੜੀ ਚ ਰਹਿੰਦੇ ਬੱਚਿਆਂ ਨਾਲ ਮਨ੍ਹਾਂ ਕਿ ਪਤੰਗ ਉਡਾ ਕਿ ਆਨੰਦ ਮਹਿਸੂਸ ਹੋਇਆ-ਟੱਕਰ

ਹਰੇਕ ਮਨੁੱਖ ਨੂੰ ਪੰਜਾਬ ਦੇ ਤਿਉਹਾਰਾਂ ਚ ਬੱਚਿਆਂ ਦੀ ਖੁਸ਼ੀ ਦਾ ਹਿੱਸਾ ਬਣਕੇ ਪ੍ਰਮਾਤਮਾ ਦੀ ਖੁਸ਼ੀ ਦੇ ਪਾਤਰ ਬਣਨਾ ਚਾਹੀਦਾ

ਜੰਡਿਆਲਾ ਗੁਰੂ, 23 ਜਨਵਰੀ (**ਕੁਲਵੰਤ ਸਿੰਘ ਵਿਰਦੀ**)-ਭਾਰਤ ਦੇਸ ਆਪਣੇ ਵਿਲੱਖਣ ਸਭਿਆਚਾਰ ਤਿਉਹਾਰਾਂ ਕਰਕੇ ਜਾਣਿਆਂ ਜਾਂਦਾ ਹੈ। ਇੱਥੇ ਕੋਈ ਨਾ ਕੋਈ ਤਿਉਹਾਰ ਜਾਂ ਮੇਲਾ ਆਇਆ ਹੀ ਰਹਿੰਦਾ ਹੈ। ਇਨ੍ਹਾਂ ਤਿਉਹਾਰਾਂ ਅਤੇ ਮੇਲਿਆਂ ਦਾ ਸੰਬੰਧ ਕਿਸੇ ਨਾ ਕਿਸੇ ਮਹਾਨ ਪੁਰਸ਼,ਇਤਿਹਾਸਕ ਘਟਨਾਵਾਂ ਜਾਂ ਰੁੱਤਾਂ ਨਾਲ ਜੁੜਿਆ ਹੁੰਦਾ ਹੈ। ਜਿਸ ਵਿੱਚ ਲੋਹੜੀ ਦੇ ਤਿਉਹਾਰ ਤੋਂ ਕੁਝ ਦਿਨ ਬਾਅਦ ਬਸੰਤ ਦਾ ਪਵਿੱਤਰ ਤਿਉਹਾਰ ਆਉਂਦਾ ਹੈ ਜੋ ਬਸੰਤ ਰੁੱਤ ਸ਼ੁਰੂ ਹੋਣ ਤੇ ਬਸੰਤ ਪੰਚਮੀ ਦਾ ਪਵਿੱਤਰ ਤਿਉਹਾਰ ਮਨਾਇਆ ਜਾਂਦਾ ਹੈ। ਇਸ ਤਿਉਹਾਰ ਦੀ ਮਹੱਤਤਾ ਬਾਰੇ ਸਕੂਲਾਂ ਵਿੱਚ ਵੀ ਦੱਸਿਆ ਅਤੇ ਮਨਾਇਆ ਜਾਂਦਾ ਹੈ ਅਤੇ ਬੱਚਿਆਂ ਨੂੰ ਜਾਣੂੰ ਕਰਵਾਇਆ ਜਾਂਦਾ ਹੈ ਜਿਸ ਦੇ ਚੱਲਦਿਆਂ ਅੱਜ ਅਵਤਾਰ ਸਿੰਘ ਟੱਕਰ ਜਾਣੀਆ ਮੀਤ ਪ੍ਰਧਾਨ ਕਾਂਗਰਸ ਪਾਰਟੀ ਦਿਹਾਤੀ ਵੱਲੋਂ ਬਸੰਤ ਪੰਚਮੀ ਦੇ ਤਿਉਹਾਰ ਮੌਕੇ ਝੌਂਪੜੀਆਂ ਵਿੱਚ ਪਹੁੰਚ ਕਿ ਛੋਟੇ ਬੱਚਿਆਂ ਨਾਲ ਪਤੰਗਬਾਜ਼ੀ ਕਰਕੇ ਬੱਚਿਆਂ ਦੇ ਮਨੋਰੰਜਨ ਨੂੰ ਪਹਿਲ ਦੇ ਕਿ ਖੁਸੀ ਸਾਂਝੀ ਕੀਤੀ ਗਈ ਇਸ ਮੌਕੇ ਅਵਤਾਰ ਸਿੰਘ ਟੱਕਰ ਨੇ ਕਿਹਾ ਕਿ ਪੰਜਾਬ ਵਿੱਚ ਐਸੇ ਕਾਫੀ ਤਿਉਹਾਰ ਹਨ ਜੋ ਇੱਕ ਦੂਜੇ ਨਾਲ ਬੈਠ ਕਿ ਹੱਸ ਖੇਡ ਕਿ ਰਲਮਿਲ ਕਿ ਇਕੱਠੇ ਹੋ ਕਿ ਭਾਈਚਾਰਕ ਸਾਂਝ ਨੂੰ ਦਰਸਾਉਂਦਿਆ ਮਨਾਏ ਜਾਂਦੇ ਹਨ ਜਿਸ ਵਿੱਚ ਖਾਸਕਰ ਪੰਜਾਬ ਦੇ ਪਵਿੱਤਰ ਸ਼ਹਿਰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਲੋਹੜੀ ਬਸੰਤ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ ਅਤੇ ਇਨਾਂ ਤਿਉਹਾਰਾਂ ਤੇ ਪਤੰਗ ਉਡਾਈ ਜਾਂਦੀ ਹੈ ਅਤੇ ਅੱਜ ਬਸੰਤ ਦੇ ਪਵਿੱਤਰ ਦਿਹਾੜੇ ਤੇ ਬੱਚਿਆਂ ਨਾਲ ਪਤੰਗ ਉਡਾ ਕਿ ਬਹੁਤ ਆਨੰਦ ਮਹਿਸੂਸ ਕੀਤਾ ਅਤੇ ਮਨ ਨੂੰ ਖੁਸੀ ਮਿਲੀ ਮੈਂ ਹਰੇਕ ਪੰਜਾਬ ਵਾਸੀ ਨੂੰ ਬੇਨਤੀ ਕਰਦਾ ਹਾਂ ਕਿ ਕੁਝ ਐਸੇ ਤਿਉਹਾਰ ਜਿੰਦਗੀ ਦਾ ਹਿੱਸਾ ਬਣਾਓ ਜੋ ਦੂਜਿਆਂ ਨੂੰ ਖੁਸ਼ ਕਰਕੇ ਮਨਾਏ ਜਾਣ ਤਾਂ ਜੋ ਪ੍ਰਮਾਤਮਾ ਦੀ ਕਿਰਪਾ ਦੇ ਪਾਤਰ ਬਣ ਸਕੀਏ।

ਆਵਾਜ਼ਿ ਕੌਮ AWAZE QAUM International Newspaper & WEB TV

238 ਯਾਤਰੀਆਂ ਦੇ ਸੁੱਕੇ ਸਾਹ ਉੱਡਦੇ ਜਹਾਜ਼ 'ਚ ਆਈ ਖਰਾਬੀ

ਲਾਝੋਊ/ਬੀਜਿੰਗ, 23 ਜਨਵਰੀ (ਆਵਾਜ਼ਿ ਕੌਮ ਬਿਊਰੋ)-ਸ਼ੁੱਕਰਵਾਰ ਨੂੰ ਥਾਈਲੈਂਡ ਤੋਂ ਰੂਸ ਜਾ ਰਹੀ ਇੱਕ ਅੰਤਰਰਾਸ਼ਟਰੀ ਫਲਾਈਟ ਵਿੱਚ ਅਚਾਨਕ ਤਕਨੀਕੀ ਖਰਾਬੀ ਆਉਣ ਕਾਰਨ ਹੜਕੰਪ ਮਚ ਗਿਆ। ਹਵਾ ਵਿੱਚ ਆਈ ਇਸ ਖਰਾਬੀ ਕਾਰਨ ਜਹਾਜ਼ ਦੀ ਚੀਨ ਦੇ ਲਾਝੋਊ ਏਅਰਪੋਰਟ 'ਤੇ ਐਮਰਜੈਂਸੀ ਲੈਂਡਿੰਗ ਕਰਵਾਉਣੀ ਪਈ। ਪ੍ਰਾਪਤ ਜਾਣਕਾਰੀ ਅਨੁਸਾਰ, ਅਜ਼ੂਰ ਏਅਰਲਾਈਨਜ਼ ਦੀ ਫਲਾਈਟ ZF-2998 ਥਾਈਲੈਂਡ ਦੇ ਫੁਕੇਟ ਤੋਂ ਰੂਸ ਦੇ ਬਰਨੌਲ ਜਾ ਰਹੀ ਸੀ। ਸਫ਼ਰ ਦੌਰਾਨ ਜਦੋਂ ਜਹਾਜ਼ ਅਸਮਾਨ ਵਿੱਚ ਸੀ, ਤਾਂ ਪਾਇਲਟ ਨੂੰ ਅਚਾਨਕ ਤਕਨੀਕੀ ਖਰਾਬੀ ਦਾ ਸਿਗਨਲ ਮਿਲਿਆ। ਸੁਰੱਖਿਆ ਦੇ ਮੱਦੇਨਜ਼ਰ, ਪਾਇਲਟ ਨੇ ਤੁਰੰਤ ਚੀਨੀ ਹਵਾਈ ਅੱਡਾ ਅਧਿਕਾਰੀਆਂ ਨਾਲ ਸੰਪਰਕ ਕੀਤਾ ਅਤੇ ਜਹਾਜ਼ ਨੂੰ ਲਾਝੋਊ ਵੱਲ ਮੋੜ ਦਿੱਤਾ ਗਿਆ। ਇਸ ਜਹਾਜ਼ ਵਿੱਚ ਕੁੱਲ 238 ਯਾਤਰੀ ਸਵਾਰ ਸਨ। ਤਕਨੀਕੀ ਖਰਾਬੀ ਦੀ ਖ਼ਬਰ ਮਿਲਦਿਆਂ ਹੀ ਯਾਤਰੀਆਂ ਵਿੱਚ ਦਹਿਸ਼ਤ ਫੈਲ ਗਈ ਅਤੇ ਕਾਫੀ ਦੇਰ ਤੱਕ ਉਨ੍ਹਾਂ ਦੇ ਸਾਹ ਅਟਕੇ ਰਹੇ। ਹਾਲਾਂਕਿ, ਪਾਇਲਟ ਦੀ ਸੂਝ-ਬੂਝ ਨਾਲ ਜਹਾਜ਼ ਨੂੰ ਸੁਰੱਖਿਅਤ ਉਤਾਰ ਲਿਆ ਗਿਆ ਅਤੇ ਸਾਰੇ ਯਾਤਰੀ ਸਹੀ-ਸਲਾਮਤ ਦੱਸੇ ਜਾ ਰਹੇ ਹਨ। ਏਅਰਲਾਈਨਜ਼ ਵੱਲੋਂ ਜਹਾਜ਼ ਦੀ ਤਕਨੀਕੀ ਜਾਂਚ ਕੀਤੀ ਜਾ ਰਹੀ ਹੈ। ਹਵਾਈ ਅੱਡਾ ਅਧਿਕਾਰੀਆਂ ਵੱਲੋਂ ਯਾਤਰੀਆਂ ਦੇ ਰਹਿਣ ਅਤੇ ਉਨ੍ਹਾਂ ਨੂੰ ਅਗਲੀ ਮੰਜ਼ਿਲ ਤੱਕ ਪਹੁੰਚਾਉਣ ਲਈ ਪ੍ਰਬੰਧ ਕੀਤੇ ਜਾ ਰਹੇ ਹਨ। ਫਿਲਹਾਲ ਇਸ ਘਟਨਾ ਬਾਰੇ ਏਅਰਲਾਈਨ ਵੱਲੋਂ ਹੋਰ ਵਿਸਥਾਰਤ ਜਾਣਕਾਰੀ ਦੀ ਉਡੀਕ ਕੀਤੀ ਜਾ ਰਹੀ ਹੈ।

ਰੁਪਇਆ ਹੋਇਆ ਹੋਰ ਕਮਜ਼ੋਰ ! ਡਾਲਰ ਦੇ ਮੁਕਾਬਲੇ 92 ਰੁਪਏ ਦੇ ਨੇੜੇ ਪਹੁੰਚਿਆ

ਮੁੰਬਈ, 23 ਜਨਵਰੀ (ਆਵਾਜ਼ਿ ਕੌਮ ਬਿਊਰੋ)-ਭਾਰਤੀ ਰੁਪਿਆ ਅਮਰੀਕੀ ਡਾਲਰ ਦੇ ਮੁਕਾਬਲੇ ਇੱਕ ਨਵੇਂ ਰਿਕਾਰਡ ਹੇਠਲੇ ਪੱਧਰ 'ਤੇ ਡਿੱਗ ਗਿਆ ਹੈ। ਸ਼ੁੱਕਰਵਾਰ ਨੂੰ ਖਬਰ ਲਿਖਣ ਦੇ ਸਮੇਂ ਰੁਪਿਆ 41 ਪੈਸੇ ਡਿੱਗ ਕੇ 91.97 'ਤੇ ਕਾਰੋਬਾਰ ਕਰ ਰਿਹਾ ਸੀ। ਇਹ ਡਾਲਰ ਦੇ ਮੁਕਾਬਲੇ ਰੁਪਏ ਦਾ ਹੁਣ ਤੱਕ ਦਾ ਸਭ ਤੋਂ ਕਮਜ਼ੋਰ ਪੱਧਰ ਸੀ। ਰੁਪਇਆ ਪਹਿਲਾਂ 91.74 ਦੇ ਰਿਕਾਰਡ ਹੇਠਲੇ ਪੱਧਰ 'ਤੇ ਪਹੁੰਚ ਗਿਆ ਸੀ, ਜਿਸ ਨੂੰ ਹੁਣ ਪਾਰ ਕਰ ਗਿਆ ਹੈ। ਕੁੱਲ ਮਿਲਾ ਕੇ ਰੁਪਏ ਦਾ 91.95 ਦਾ ਰਿਕਾਰਡ ਹੇਠਲੇ ਪੱਧਰ ਦਰਸਾਉਂਦਾ ਹੈ ਕਿ ਘਰੇਲੂ ਡਾਲਰ ਦੀ ਮੰਗ ਅਤੇ ਵਿਦੇਸ਼ੀ ਨਿਵੇਸ਼ਕਾਂ ਵੱਲੋਂ ਭਾਰਤੀ ਬਾਜ਼ਾਰ ਵਿਚੋਂ ਪੈਸਾ ਬਾਹਰ ਕੱਢੇ ਜਾਣਾ, ਇਸ ਸਮੇਂ ਸਭ ਤੋਂ ਵੱਡਾ ਦਬਾਅ ਹੈ। ਹਾਲਾਂਕਿ, ਗਲੋਬਲ ਸੰਕੇਤਾਂ ਨੇ ਕੁਝ ਰਾਹਤ ਪ੍ਰਦਾਨ ਕੀਤੀ ਹੈ, ਪਰ ਇੱਕ ਨਿਰੰਤਰ ਬਾਜ਼ਾਰ ਰਿਕਵਰੀ ਲਈ ਭਾਰਤ-ਅਮਰੀਕਾ ਵਪਾਰ ਸੌਦੇ 'ਤੇ ਭੂ-ਰਾਜਨੀਤਿਕ ਅਨਿਸ਼ਚਿਤਤਾ ਨੂੰ ਘਟਾਉਣ ਅਤੇ ਸਪੱਸ਼ਟਤਾ ਦੀ ਲੋੜ ਹੋਵੇਗੀ। Forex ਵਪਾਰੀਆਂ ਦੇ ਅਨੁਸਾਰ, ਰੁਪਏ 'ਤੇ ਸਭ ਤੋਂ ਵੱਡਾ ਦਬਾਅ ਘਰੇਲੂ ਬਾਜ਼ਾਰ ਵਿੱਚ ਡਾਲਰ ਦੀ ਲਗਾਤਾਰ ਮੰਗ ਕਾਰਨ ਆਇਆ। ਡਾਲਰ ਦੀ ਖਰੀਦਦਾਰੀ, ਖਾਸ ਕਰਕੇ ਕਾਰਪੋਰੇਟਾਂ ਅਤੇ ਆਯਾਤਕਾਂ ਤੋਂ, ਨੇ ਸ਼ੁਰੂਆਤੀ ਲਾਭਾਂ ਨੂੰ ਜਲਦੀ ਹੀ ਮਿਟਾ ਦਿੱਤਾ। ਜਿਵੇਂ-ਜਿਵੇਂ ਬਾਜ਼ਾਰ ਵਿੱਚ ਡਾਲਰ ਦੀ ਮੰਗ ਵਧਦੀ ਗਈ, ਰੁਪਿਆ ਦਿਨ ਦੇ ਅੰਦਰ ਡਿੱਗਦਾ ਰਿਹਾ, ਅੰਤ ਵਿੱਚ 91.93 'ਤੇ ਪਹੁੰਚ ਗਿਆ। ਫਾਰੇਕਸ ਡੀਲਰਾਂ ਦੇ ਅਨੁਸਾਰ, ਆਉਣ ਵਾਲੇ ਦਿਨਾਂ ਵਿੱਚ ਭਾਰਤ-ਅਮਰੀਕਾ ਵਪਾਰ ਸਮਝੌਤਾ ਰੁਪਏ ਲਈ ਇੱਕ ਮੁੱਖ ਸਥਿਰਤਾ ਕਾਰਕ ਬਣ ਸਕਦਾ ਹੈ। ਬਾਜ਼ਾਰ ਇਸ ਸੌਦੇ ਦੀ ਪ੍ਰਗਤੀ 'ਤੇ ਨੇੜਿਓਂ ਨਜ਼ਰ ਰੱਖ ਰਿਹਾ ਹੈ, ਕਿਉਂਕਿ ਇਹ ਨਿਵੇਸ਼ਕਾਂ ਦੇ ਵਿਸ਼ਵਾਸ ਨੂੰ ਬਿਹਤਰ ਬਣਾ ਸਕਦਾ ਹੈ ਅਤੇ ਰੁਪਏ 'ਤੇ ਕੁਝ ਦਬਾਅ ਨੂੰ ਘਟਾ ਸਕਦਾ ਹੈ। ਟਰੇਡਰਜ਼ ਦਾ ਕਹਿਣਾ ਹੈ ਕਿ ਜਦੋਂ ਤੱਕ ਭੂ-ਰਾਜਨੀਤਿਕ ਜੋਖਮ ਘੱਟ ਨਹੀਂ ਹੁੰਦੇ ਅਤੇ ਵਪਾਰ ਸੌਦੇ ਸੰਬੰਧੀ ਤਸਵੀਰ ਸਪੱਸ਼ਟ ਨਹੀਂ ਹੋ ਜਾਂਦੀ, ਰੁਪਿਆ ਬਾਹਰੀ ਝਟਕਿਆਂ ਲਈ ਕਮਜ਼ੋਰ ਰਹੇਗਾ। ਸੀਆਰ ਫਾਰੇਕਸ ਐਡਵਾਈਜ਼ਰਜ਼ ਦੇ ਪ੍ਰਬੰਧ ਨਿਰਦੇਸ਼ਕ ਅਮਿਤ ਪਾਬਾਰੀ ਦੇ ਅਨੁਸਾਰ, ਮੌਜੂਦਾ ਪੱਧਰ 'ਤੇ ਰੁਪਏ ਵਿੱਚ ਗਲੋਬਲ ਜੋਖਮਾਂ ਦੀ ਕੀਮਤ ਬਹੁਤ ਹੱਦ ਤੱਕ ਨਿਰਧਾਰਤ ਕੀਤੀ ਗਈ ਹੈ।

ਕਿਲਾ ਰਾਏਪੁਰ ਦੇ ਪੇਂਡੂ ਓਲੰਪਿਕ ਦੀ ਵਾਪਸੀ

11 ਸਾਲ ਬਾਅਦ ਫਿਰ ਦੌੜਣਗੀਆਂ ਬੈਲਗੱਡੀਆਂ

ਲੁਧਿਆਣਾ, 23 ਜਨਵਰੀ (ਆਵਾਜ਼ਿ ਕੌਮ ਬਿਊਰੋ)-ਪੰਜਾਬ ਵਿੱਚ ਲੁਧਿਆਣਾ ਦੇ ਕਿਲਾ ਰਾਏਪੁਰ ਪੇਂਡੂ ਓਲੰਪਿਕ ਵਿੱਚ ਇਕ ਵਾਰ ਫਿਰ ਬੈਲਗੱਡੀ ਦੀ ਦੌੜ ਵਾਪਸੀ ਹੋਣ ਜਾ ਰਹੀ ਹੈ। ਜੇਕਰ ਖੇਡਾਂ ਸ਼ੁਰੂ ਹੋਣ ਤੱਕ ਕੋਈ ਕਾਨੂੰਨੀ ਰੁਕਾਵਟ ਨਹੀਂ ਆਈ, ਤਾਂ 11 ਸਾਲ ਬਾਅਦ ਇਹ ਇਤਿਹਾਸਕ ਖੇਡ ਮੁੜ ਸ਼ੁਰੂ ਹੋਵੇਗੀ। ਜ਼ਿਲ੍ਹਾ ਪ੍ਰਸ਼ਾਸਨ, ਆਯੋਜਕਾਂ ਅਤੇ ਪੇਂਡੂ ਲੋਕਾਂ ਵਿੱਚ ਇਸ ਗੱਲ ਨੂੰ ਲੈ ਕੇ ਉਤਸ਼ਾਹ ਹੈ। ਇਹ ਗੇਮ 30 ਜਨਵਰੀ ਤੋਂ 1 ਫਰਵਰੀ ਤੱਕ ਕਰਵਾਈ ਜਾਣਗੀਆਂ। ਡੀਸੀ ਹਿਮਾਂਸ਼ੂ ਜੈਨ ਇਸ ਸਬੰਧ ਵਿੱਚ ਅੱਜ ਪ੍ਰੈੱਸ ਕਾਨਫਰੰਸ ਕਰਨ ਜਾ ਰਹੇ ਹਨ। ਸੁਪਰੀਮ ਕੋਰਟ ਦੇ ਹੁਕਮ ਤੋਂ ਬਾਅਦ 2014 ਵਿੱਚ ਕਿਲਾ ਰਾਏਪੁਰ ਗੇਮਸ ਵਿੱਚ ਬਲਦਾਂ ਦੀ ਦੌੜ ਰੋਕ ਦਿੱਤੀ ਗਈ ਸੀ। ਪੰਜਾਬ ਸਰਕਾਰ ਨੇ 11 ਜੁਲਾਈ ਨੂੰ ਵਿਧਾਨ ਸਭਾ ਵਿੱਚ ਬਿਲ ਪਾਸ ਕਰਕੇ ਬੈਲਗੱਡੀਆਂ ਦੀ ਦੌੜ ਮੁੜ ਕਰਨ ਦਾ ਰਾਸਤਾ ਸਾਫ਼ ਕਰ ਦਿੱਤਾ। ਸਰਕਾਰ ਦੇ ਇਸ ਫੈਸਲੇ ਨਾਲ ਬੈਲਗੱਡੀ ਦੀ ਦੌੜ ਸ਼ੁਰੂ ਕਰਨ ਦਾ ਰਾਸ਼ਤਾ ਖੁੱਲ ਗਿਆ। ਪਿਛਲੇ ਕੁਝ ਸਾਲਾਂ ਤੋਂ ਪੰਜਾਬ ਸਰਕਾਰ ਇਹਨਾਂ ਖੇਡਾਂ ਦਾ ਆਯੋਜਨ ਕਰ ਰਹੀ ਹੈ। ਬੈਲਗੱਡੀਆਂ ਦੀ ਦੌੜ ਸ਼ੁਰੂ ਤੋਂ ਹੀ ਕਿਲਾ ਰਾਏਪੁਰ ਖੇਡਾਂ ਦਾ ਮੁੱਖ ਆਕਰਸ਼ਣ ਰਹੀ ਹੈ। ਜਦੋਂ ਕਿਲਾ ਰਾਏਪੁਰ ਵਿੱਚ ਬੈਲਗੱਡੀਆਂ ਦੀ ਦੌੜ 'ਤੇ ਪਾਬੰਦੀ ਲੱਗੀ, ਤਾਂ ਖੇਡਾਂ ਦੀ ਰੌਣਕ ਹੀ ਖਤਮ ਹੋ ਗਈ। ਦੇਸ਼-ਵਿਦੇਸ਼ ਤੋਂ ਆਉਣ ਵਾਲੇ ਸੈਲਾਨੀਆਂ ਨੇ ਵੀ ਆਉਣਾ ਬੰਦ ਕਰ ਦਿੱਤਾ।

ਦੌੜ ਤੋਂ ਪਹਿਲਾਂ ਸਾਰੇ ਬਲਦਾਂ ਦੀ ਵੈਟਰਨਰੀ ਡਾਕਟਰ ਦੁਆਰਾ ਜਾਂਚ ਕੀਤੀ ਜਾਵੇਗੀ। ਦੌੜ ਦੌਰਾਨ ਅਤੇ ਬਾਅਦ ਵੀ ਵੈਟਰਨਰੀ ਟੀਮ ਮੌਜੂਦ ਰਹੇਗੀ। ਕਿਸੇ ਵੀ ਕਿਸਮ ਦੀ ਕੁੱਟਮਾਰ, ਨੁਕੀਲੇ ਉਪਕਰਨ ਜਾਂ ਕ੍ਰੂਰਤਾ ਪੂਰੀ ਤਰ੍ਹਾਂ ਰੋਕੀ ਜਾਵੇਗੀ। ਬਹੁਤ ਜ਼ਿਆਦਾ ਗਰਮੀ ਜਾਂ ਖਰਾਬ ਮੌਸਮ ਵਿੱਚ ਦੌੜ ਨਹੀਂ ਕਰਵਾਈ ਜਾਵੇਗੀ। ਸਾਰੇ ਭਾਗੀਦਾਰਾਂ ਅਤੇ ਬਲਦਾਂ ਦਾ ਪੂਰਵ-ਪੰਜੀਕਰਨ ਜ਼ਰੂਰੀ ਹੋਵੇਗਾ। ਨਿਯਮਾਂ ਦਾ ਉਲੰਘਣ ਕਰਨ 'ਤੇ ਕੜੀ ਕਾਰਵਾਈ ਅਤੇ ਪਾਬੰਦੀ ਲਗਾਈ ਜਾਵੇਗੀ।

ਆਓ ਪੰਜਾਬੀ

ਸਿੱਖੀਏ ਅਤੇ ਸਿੱਖਾਈਏ

ਮਾਂ ਬੋਲੀ ਦਾ ਮਾਣ ਵਧਾਈਏ

★ ਜਾਰੀ ਕਰਤਾ ★

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

+447458381111 +447976210161 +919729091243